

ਮੂਲ ਲੇਖਕ
ਖ਼ਲੀਲ ਜਿਬਰਾਨ



ਅਨੁਵਾਦਕ
ਰਵਿੰਦਰ ਸਿੰਘ ਸੋਢੀ
ਕੈਲਗਰੀ, ਕੈਨੇਡਾ
001-604-369-2371

## ਖ਼ਲੀਲ ਜਿਬਰਾਨ

ਖ਼ਲੀਲ ਜਿਬਰਾਨ 19 ਵੀਂ ਦਾ ਮਹਾਨ ਸਾਹਿਤਕਾਰ, ਚਿੰਤਕ ਅਤੇ ਚਿੱਤਰਕਾਰ ਸੀ। ਜਿਸ ਸਹਿਜ ਨਾਲ ਉਹ ਸਾਹਿਤਕ ਸਿਰਜਣਾ ਕਰਦਾ ਸੀ, ਉਸੇ ਸਹਿਜਤਾ ਦਾ ਪੱਲਾ ਫੜਕੇ ਉਹ ਦਾਰਸ਼ਨਿਕ ਵਿਚਾਰਾਂ ਨੂੰ ਆਮ ਲੋਕਾਂ ਦੀ ਸਮਝ ਆ ਜਾਣ ਵਾਲੀ ਭਾਸ਼ਾ ਵਿਚ ਗੁੱਝੀਆਂ ਰਮਜ਼ਾਂ ਸਮਝਾ ਦਿੰਦਾ ਸੀ। ਕਲਮ ਛੱਡ ਕੇ ਉਹ ਜਦੋਂ ਆਪਣੇ ਬਰੁਸ਼ ਨੂੰ ਰੰਗਾਂ ਨਾਲ ਛੋਹ ਕੇ ਕੈਨਵਸ ‘ਤੇ ਕੁਝ ਚਿਤਰਦਾ, ਤਾਂ ਤਸਵੀਰਾਂ ਆਪਣੀ ਕਹਾਣੀ ਆਪ ਸੁਣਾਉਂਦੀਆਂ ਜਾਪਦੀਆਂ। ਉਸ ਨੇ ਕਵਿਤਾ ਵੀ ਲਿਖੀ, ਕਹਾਣੀਆਂ ਵੀ ਅਤੇ ਨਾਵਲ ਵੀ। ਉਹ ਜਦੋਂ ਵਾਰਤਕ ਲਿਖਦਾ, ਤਾਂ ਉਸ ਵਿਚੋਂ ਵੀ ਕਵਿਤਾ ਝਲਕਦੀ ਹੈ।

ਉਸ ਨੇ ਕੁੱਲ 25 ਪੁਸਤਕਾਂ ਦੀ ਰਚਨਾ ਕੀਤੀ। ਭਾਵੇਂ ਉਸ ਦੀਆਂ ਸਾਰੀਆਂ ਪੁਸਤਕਾਂ ਨੂੰ ਹੀ ਭਰਪੂਰ ਹੁੰਗਾਰਾ ਮਿਲਿਆ, ਪਰ ‘ਦਾ ਪਰੋਫ਼ਿਟ’ ਉਸਦੀ ਵਿਸ਼ਵ ਪ੍ਰਸਿੱਧ ਪੁਸਤਕ ਹੈ, ਜੋ ਉਸ ਨੇ 1823 ਵਿਚ ਲਿਖੀ। ਇਸ ਪੁਸਤਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ 26 ਵਿਸ਼ਿਆਂ ‘ਤੇ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਸੰਬੰਧੀ ਦਾਰਸ਼ਨਿਕ ਵਿਚਾਰ ਪ੍ਰਗਟਾਏ ਗਏ ਹਨ। ਹੁਣ ਤੱਕ ਇਸ ਪੁਸਤਕ ਦੇ ਸੌ ਤੋਂ ਵੱਧ ਅਨੁਵਾਦ ਹੋ ਚੁੱਕੇ ਹਨ ਅਤੇ ਇਕ ਅੰਦਾਜ਼ੇ ਅਨੁਸਾਰ ਇਸ ਦੀਆਂ ਇਕ ਕਰੋੜ ਤੋਂ ਵੱਧ ਕਾਪੀਆਂ ਵਿਕ ਚੁੱਕੀਆਂ ਹਨ. ਦੁਨੀਆਂ ਦੀਆਂ ਜਿਹੜੀਆਂ ਦਸ ਕਿਤਾਬਾਂ ਦਾ ਸਭ ਤੋਂ ਵੱਧ ਅਨੁਵਾਦ ਹੋਇਆ ਹੈ, ‘ਦਾ ਪਰੋਫਿਟ ’ ਉਹਨਾਂ ਵਿਚੋਂ ਇਕ ਹੈ। ਇਸ ਦੀ ਵਾਰਤਕ ਕਾਵਿ ਮਈ ਸ਼ੈਲੀ ਵਾਲੀ ਹੈ। ਇਸ ਪੁਸਤਕ ਵਿੱਚੋਂ ਕੁੱਝ ਅੰਸ਼ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ-**ਅਨੁਵਾਦਕ**

## ਜਹਾਜ਼ ਦਾ ਆਉਣਾ

ਅਲਮੁਸਤਫ਼ਾ ਸੀ ਇੱਕ ਖਾਸ ਇਨਸਾਨ, ਸਭ ਦਾ ਚਹੇਤਾ ਅਤੇ ਚੜ੍ਹਦੇ ਸੂਰਜ ਦੀ ਲਾਲੀ ਵਰਗਾ। ਉਸਨੇ ਓਰਫਲੀਸ ਸ਼ਹਿਰ ਵਿਚ ਆਪਣੇ ਜਹਾਜ਼ ਦਾ ਕੀਤਾ ਸੀ ਇੰਤਜ਼ਾਰ ਬਾਰਾਂ ਸਾਲ, ਜਿਸ ਨੇ ਉਸ ਨੂੰ ਵਾਪਿਸ ਸੀ ਲੈ ਕੇ ਜਾਣਾ ਉਸਦੇ ਜਨਮ ਸਥਾਨ। ਬਾਹਰਵੇਂ ਸਾਲ, ਫਸਲਾਂ ਦੀ ਵਾਢੀ ਵਾਲੇ ਮਹੀਨੇ ਦੇ ਸੱਤਵੇਂ ਦਿਨ, ਜਦੋਂ ਉਸ ਨੇ ਚਾਰ-ਦੀਵਾਰੀ ਤੋਂ ਸੱਖਣੇ ਸ਼ਹਿਰ ਦੀ ਪਹਾੜੀ‘ ਤੇ ਚੜ੍ਹ ਕੇ ਦੇਖਿਆ ਸਮੁੰਦਰ ਵੱਲ, ਜਿਸ ਜਹਾਜ਼ ਦਾ ਉਹ ਤੱਕਦਾ ਸੀ ਰਾਹ, ਧੁੰਦ ਨੂੰ ਚੀਰਦਾ ਉਹ ਰਿਹਾ ਸੀ ਆ। ਉਸਦੇ ਦਿਲ ਦੇ ਦਰਵਾਜ਼ੇ ਗਏ ਖੁਲ੍ਹ, ਉਸਦਾ ਦਿਲ ਇਕ ਅਕਿਹ ਖੇੜੇ ਵਿਚ ਆ ਸਮੁੰਦਰ ਦੇ ਉੱਪਰ ਦੂਰ-ਦੂਰ ਤੱਕ ਲੱਗਿਆ ਲਾਉਣ ਉਡਾਰੀਆਂ। ਉਸਨੇ ਆਪਣੀਆਂ ਅੱਖਾਂ ਕੀਤੀਆਂ ਬੰਦ ਅਤੇ ਆਪਣੀ ਰੂਹ ਦੀ ਸ਼ਾਂਤੀ

ਵਿਚ ਹੋ ਲੀਨ ਕੀਤੀ ਅਰਦਾਸ। ਪਰ ਪਹਾੜੀ ਤੋਂ ਉਤਰਦੇ ਹੋਏ, ਉਹ ਉਦਾਸੀ ਦੇ ਆਲਮ ਵਿਚ ਰਿਹਾ ਸੀ ਸੋਚ, ਕਿਵੇਂ ਜਾਏਗਾ ਇਥੋਂ ਸ਼ਾਂਤ ਚਿੱਤ ਅਤੇ ਬਿਨਾਂ ਉਦਾਸ ਹੋਏ? ਕੀ ਉਹ ਛੱਡ ਸਕੇਗਾ ਇਹ ਸ਼ਹਿਰ ਆਪਣੀ ਰੂਹ ਦੇ ਜ਼ਖ਼ਮੀ ਹੋਣ ਤੋਂ ਬਗੈਰ? ਇਸ ਸ਼ਹਿਰ ਦੀ ਚਾਰ-ਦੀਵਾਰੀ ਵਿਚ ਮੈਂ ਬਿਤਾਏ ਹਨ ਕਈ ਦੁਖਾਂ ਭਰੇ ਦਿਨ, ਇਕੱਲੇ ਨੇ ਹੀ ਬਿਤਾਈਆਂ ਹਨ ਰਾਤਾਂ ਕਈ ਅਤੇ ਕੌਣ ਹੈ ਜੋ ਆਪਣੇ ਦਰਦ ਅਤੇ ਇਕੱਲਤਾ ਤੋਂ ਦੂਰ ਜਾਣ ਵੇਲੇ ਨਾ ਹੋਵੇ ਉਦਾਸ? ਇਥੋਂ ਦੀਆਂ ਗਲੀਆਂ ਵਿਚ ਮੈਂ ਆਪਣੀ ਰੂਹ ਦੇ ਕਈ ਮਣਕੇ ਨੇ ਬਿਖੇਰੇ ਅਤੇ ਮੇਰੀਆਂ ਆਸਾਂ, ਇੱਛਾਵਾਂ ਇਹਨਾਂ ਪਹਾੜਾਂ ਵਿਚ ਹਨ ਵਸੀਆਂ। ਮੈਂ ਦਿਲ ਦੀ ਚੀਸ ਅਤੇ ਭਰੇ ਮਨ ਤੋਂ ਬਿਨਾਂ ਨਹੀਂ ਜਾ ਸਕਦਾ ਇਹਨਾਂ ਤੋਂ ਦੂਰ। ਇਹ ਮੇਰੀ ਪੁਸ਼ਾਕ ਤਾਂ ਨਹੀਂ ਜਿਸ ਨੂੰ ਮੈਂ ਅੱਜ ਉਤਾਰ ਕੇ ਦੇਵਾਂ ਸੁੱਟ। ਇਹ ਤਾਂ ਹੈ ਆਪਣੀ ਚਮੜੀ ਆਪਣੇ ਹੀ ਹੱਥਾਂ ਨਾਲ ਉਚੇੜ ਕੇ ਸੁੱਟਣ ਵਰਗੀ ਗੱਲ। ਇਥੋਂ ਜਾਣ ਵੇਲੇ ਮੈਂ ਆਪਣੇ ਖਿਆਲ ਨਹੀਂ ਆਪਣਾ ਧੜਕਦਾ ਦਿਲ ਛੱਡ ਕੇ ਰਿਹਾ ਹਾਂ ਜਾ, ਜੋ ਹੈ ਭੁੱਖ ਅਤੇ ਪਿਆਸ ਦੀ ਮਿਠਾਸ ਨਾਲ ਭਰਪੂਰ। ਹੁਣ ਇਥੇ ਮੈਂ ਰੁਕ ਵੀ ਨਹੀਂ ਸਕਦਾ ਹੋਰ। ਜਿਹੜਾ ਸਮੁੰਦਰ ਆਪਣੇ ਵੱਲ ਹਰ ਚੀਜ਼ ਨੂੰ ਬੁਲਾਏ, ਉਹ ਮੈਨੂੰ ਵੀ ਰਿਹੈ ਬੁਲਾ, ਮੈਨੂੰ ਜਾਣਾ ਹੀ ਪਏਗਾ। ਜੇ ਮੈਂ ਇਥੇ ਰੁਕਿਆ ਹੋਰ ਤਾਂ ਸਮੇਂ ਦੀ ਲਾਟ ਨਾਲ ਕਿਸੇ ਸੰਚੇ ਵਿਚ ਢਲ ਕੇ ਬਣ ਜਾਵਾਂਗਾ ਇਕ ਕੱਚ ਦਾ ਟੁਕੜਾ )ਭਾਵ ਮੈਂ ਮਾਨਸਿਕ ਤੌਰ ਤੇ ਇਕ ਬੇਜਾਨ ਪੱਥਰ ਦੀ ਤਰਾਂ ਹੋ ਜਾਂਵਾਂ ਗਾ(। ਮੈਂ ਇਥੋਂ ਜੋ ਵੀ ਚਾਹਵਾਂ ਖੁਸ਼ੀ-ਖੁਸ਼ੀ ਲੈ ਕੇ ਸਕਦਾ ਹਾਂ ਆਪਣੇ ਨਾਲ। ਪਰ ਮੈਂ ਇਹ ਕਿਵੇਂ ਕਰ ਸਕਾਂਗਾ? ਆਵਾਜ਼, ਜਿਸ ਨੂੰ ਮਿਲੇ ਜੀਭ ਅਤੇ ਬੁੱਲ੍ਹਾ ਤੋਂ ਉੱਡਣ ਦੀ ਸ਼ਕਤੀ, ਉਹ ਇਹਨਾਂ ਨੂੰ ਨਾ ਲੈ ਕੇ ਜਾ ਸਕੇ ਆਪਣੇ ਨਾਲ ਉਡਾ)ਬੁਲ ਅਤੇ ਜੀਭ ਭਾਵੇਂ ਅਵਾਜ਼ ਨੂੰ ਜਨਮ ਦਿੰਦੇ ਹਨ, ਪਰ ਤਾਂ ਵੀ ਅਵਾਜ਼ ਮੂੰਹ ਵਿਚੋਂ ਨਿਕਲਣ ਸਮੇਂ ਇਹਨਾਂ ਨੂੰ ਆਪਣੇ ਨਾਲ ਲੈ ਕੇ ਨਾ ਜਾ ਸਕੇ(। ਆਵਾਜ਼ ਨੂੰ ਤਾਂ ਵਿਸ਼ਾਲ ਖਲਾਅ ਵਿਚ ਰਹਿਣਾ ਪਏ ਇਕੱਲੇ ਹੀ। ਉਕਾਬ)ਚੀਲ (ਨੂੰ ਵੀ ਤਾਂ ਇਕੱਲੇ ਹੀ ਆਪਣੇ ਆਲ੍ਹਣੇ ਤੋਂ ਬਗੈਰ ਮਾਰਨੀ ਪਏ ਸੂਰਜ ਵੱਲ ਉਡਾਰੀ। ਪਹਾੜੀ ਤੋਂ ਹੇਠਾਂ ਆ, ਉਸਨੇ ਸਮੁੰਦਰ ਵੱਲ ਮੁੜ ਕੇ ਦੇਖਿਆ ਦੁਬਾਰਾ, ਉਸਦਾ ਜਹਾਜ਼ ਬੰਦਰਗਾਹ ਵੱਲ ਰਿਹਾ ਸੀ ਆ ਅਤੇ ਉਸ ਵਿਚ ਬੈਠੇ ਸੀ ਉਸਦੇ ਆਪਣੇ ਦੇਸ਼ ਦੇ ਮੁਹਾਣੇ ਅਤੇ ਮਲਾਹ। ਉਸਦੀ ਆਤਮਾ ਰੋ ਕੇ ਉਹਨਾਂ ਮਲਾਹਾਂ ਤੱਕ ਪਹੁੰਚੀ ਜੋ ਰਹੀ ਸੀ ਕਹਿ :ਮੇਰੇ ਜਨਮਾਂ-ਜਨਮਾਂ ਦੇ ਮਾਂ ਜਾਇਓ, ਸਮੁੰਦਰੀ ਛੱਲਾਂ ਦੇ ਸਵਾਰੋ, ਤੁਸੀਂ ਮੇਰੇ ਸੁਪਨਿਆਂ ਵਿਚ ਅਕਸਰ ਹੀ ਸੀ ਜਾਂਦੇ ਆ। ਹੁਣ ਤੁਸੀਂ ਹੋ ਮੇਰੇ ਸਾਹਮਣੇ ਖੜੇ, ਜੋ ਮੇਰੇ ਸੁਪਨਿਆਂ ਵਿਚ ਸੀ ਸਮਾਏ।

ਮੈਂ ਜਾਣ ਲਈ ਹਾਂ ਤਿਆਰ। ਇਸ ਹਵਾ ਵਿਚ ਮੈਂ ਸਾਹ ਲਵਾਂਗਾ ਕੁਝ ਹੋਰ, ਪਿੱਛੇ ਵੱਲ ਇਕ ਪਿਆਰੀ ਜਿਹੀ ਮਾਰਾਂਗਾ ਝਾਤ ਅਤੇ ਫੇਰ ਮੈਂ ਖੜਾ ਹੋਵਾਂਗੇ ਤੁਹਾਡੇ ਨਾਲ, ਸਮੁੰਦਰੀ ਮੁਸਾਫ਼ਰਾਂ ਨਾਲ ਇਕ ਸਮੁੰਦਰੀ ਮੁਸਾਫ਼ਰ ਹੋਰ। ਤੂੰ, ਇਕ ਵਿਸ਼ਾਲ ਸਮੁੰਦਰ, ਹੈਂ ਇੱਕ ਉਹ ਮਾਂ ਜੋ ਕਦੇ ਨਹੀਂ ਸੌਂਦੀ) ਭਾਵ ਮਾਂ, ਬੱਚਿਆਂ ਨੂੰ ਸਾਂਭਦੀ ਹੋਈ ਆਪ ਜਾਗਦੀ ਹੀ ਰਹਿੰਦੀ ਹੈ(। ਜੋ ਇੱਕਲਾ ਹੀ ਦਰਿਆਵਾਂ ਅਤੇ ਝਰਨਿਆਂ ਨੂੰ ਸ਼ਾਂਤੀ ਅਤੇ ਅਜ਼ਾਦੀ ਦੇਵੇਂ)ਭਾਵ ਆਪਣੇ ਵਿਚ ਮਿਲਾ ਲੈਂਦਾ ਹੈਂ( । ਚਸ਼ਮੇ ਦਾ ਇੱਕ ਹੋਰ ਮੋੜ ਹੈ ਬਾਕੀ। ਉਸ ਤੋਂ ਬਾਅਦ ਮੈਂ ਤੇਰੇ ਨਾਲ ਹੀ ਚਲਾਂ ਗਾ ਜਿਵੇਂ ਇੱਕ ਅਮੁਕ)ਜੋ ਕਦੇ ਖ਼ਤਮ ਨਾ ਹੋਵੇ ( ਬੂੰਦ ਕਿਸੇ ਅਮੁਕ ਸਾਗਰ ਦੇ ਨਾਲ। ਜਿਵੇਂ ਹੀ ਉਹ ਚਲਿਆ, ਉਸ ਨੇ ਦੂਰੋਂ ਦੇਖਿਆ, ਅੰਗੂਰ ਦੇ ਖੇਤਾਂ ਵਿਚ ਕੰਮ ਕਰਦੇ ਲੋਕ ਆਪਣਾ-ਆਪਣਾ ਕੰਮ ਛੱਡ ਤੇਜੀ ਨਾਲ ਸ਼ਹਿਰ ਦੇ ਮੁੱਖ ਦਰਵਾਜ਼ਿਆਂ ਵੱਲ ਰਹੇ ਸਨ ਆ ਅਤੇ ਲੋਕ ਉਸਦਾ ਨਾਂ ਲੈ ਕੇ ਆਵਾਜ਼ਾਂ ਰਹੇ ਸੀ ਮਾਰ ਅਤੇ ਇਕ ਖੇਤ ਤੋਂ ਦੂਜੇ ਖੇਤਾਂ ਵਿਚ ਕੰਮ ਕਰ ਰਿਹਾਂ ਨੂੰ ਉਸਦੇ ਜਹਾਜ਼ ਆਉਣ ਬਾਰੇ ਰਹੇ ਸੀ ਦੱਸ। ਉਸਨੇ ਆਪਣੇ-ਆਪ ਨੂੰ ਕਿਹਾ :ਕੀ ਜੁਦਾਈ ਦਾ ਦਿਨ ਇਕੱਠੇ ਹੋਣ ਦਾ ਦਿਨ ਵੀ ਹੋਵੇਗਾ ਅਤੇ ਕੀ ਮੇਰੀ ਸ਼ਾਮ ਹੀ ਅਸਲ ਵਿਚ ਹੋਵੇਗੀ ਮੇਰੀ ਸਵੇਰ? ਮੈਂ ਉਸਨੂੰ ਕੀ ਦੇਵਾਂ ਜੋ ਆਪਣਾ ਹਲ ਵਿਚ ਹੀ ਛੱਡ ਆਇਆ ਜਾਂ ਉਸਨੂੰ ਜਿਸ ਨੇ ਆਪਣੀ ਸ਼ਰਾਬ ਕੱਢਣ ਵਾਲੀ ਮਸ਼ੀਨ ਨੂੰ ਲਿਆ ਹੈ ਰੋਕ? ਕੀ ਮੇਰਾ ਦਿਲ ਫ਼ਲਾਂ ਨਾਲ ਲੱਦੇ ਉਸ ਰੁੱਖ ਵਾਂਗ ਜਾਵੇਗਾ ਹੋ ਜਿਸ ਦੇ ਫਲ ਇਹਨਾਂ ਨੂੰ ਵੰਡਦੇ ਜਾਵਾਂਗਾ?ਕੀ ਮੇਰੀਆਂ ਇੱਛਾਵਾਂ ਫੁਹਾਰੇ ਦੀ ਤਰਾਂ ਵਹਿਣ ਜਿੰਨਾਂ ਨਾਲ ਮੈਂ ਭਰ ਦਿਆਂ ਉਹਨਾਂ ਦੇ ਗਲਾਸ? ਕੀ ਮੈਂ ਹਾਂ ਉਹ ਸਾਜ਼ ਜਿਸ ਨੂੰ ਉਸ ਸ਼ਕਤੀਸ਼ਾਲੀ ਦੇ ਹੱਥਾਂ ਦੀ ਛੋਹ ਹੀ ਸਕੇ ਟੁਣਕਾਰ ਜਾਂ ਉਹ ਬੰਸਰੀ ਜਿਸ ਰਾਹੀਂ ਉਸਦੀ ਫੂਕ ਮੇਰੇ ਅੰਦਰੋਂ ਜਾਵੇ ਲੰਘ? ਮੈਂ ਚੁੱਪ ਹਾਂ ਰਹਿਣਾ ਚਾਹੁੰਦਾ ਅਤੇ ਚੁੱਪ ਵਿਚੋਂ ਲੱਭਿਆ ਹੈ ਮੈਂ ਖਜ਼ਾਨਾ ਜਿਹੜਾ, ਉਹ ਪੂਰੇ ਵਿਸ਼ਵਾਸ ਨਾਲ ਦੇਵਾਂ ਵੰਡ? ਜੇ ਇਹ ਮੇਰੇ ਲਈ ਹੈ ਵਾਢੀ ਦਾ ਦਿਨ ਤਾਂ ਮੈਂ ਕਿਹੜੇ ਖੇਤ, ਕਿਹੜੇ ਮੌਸਮ ਵਿਚ ਬੀਜੇ ਸੀ ਬੀਜ ਜੋ ਯਾਦ ਨਹੀਂ ਮੈਨੂੰ? ਜੇ ਅਸਲ ਵਿਚ ਇਹ ਉਹ ਸਮਾਂ ਹੈ ਜਿਸ ਵਿਚ ਮੈਂ ਚੁੱਕੀ ਹੈ ਆਪਣੀ ਲਾਲਟੈਣ)ਰੌਸ਼ਨੀ ਲਈ(, ਇਹ ਮੇਰੀ ਬੱਤੀ ਨਹੀਂ ਜੋ ਉਸ ਵਿਚ ਰਹੀ ਹੈ ਜਗ। ਮੈਂ ਆਪਣੀ ਖਾਲੀ ਅਤੇ ਬੁਝੀ ਲਾਲਟੈਣ ਨੂੰ ਹੀ ਚੁੱਕਾਂਗਾ ਉੱਪਰ। ਰਾਤ ਦਾ ਰਖਵਾਲਾ ਹੀ ਪਾਏਗਾ ਤੇਲ ਇਸ ਵਿਚ ਅਤੇ ਉਹੀ ਜਗਾਏਗਾ ਇਸ ਨੂੰ। ਇਹ ਸ਼ਬਦ ਤਾਂ ਉਸ ਨੇ ਦਿੱਤੇ ਬੋਲ, ਪਰ ਉਸ ਦੇ ਦਿਲ ਵਿਚ ਬਹੁਤ ਕੁਝ ਰਹਿ ਗਿਆ ਅਣਕਿਹਾ। ਉਹ ਆਪਣੇ ਦਿਲ ਦੀਆਂ ਡੂੰਘੀਆਂ ਗੱਲਾਂ ਆਪ ਹੀ ਨਾ ਸਕਿਆ ਕਹਿ। ਜਦੋਂ

ਉਹ ਸ਼ਹਿਰ ਦੇ ਅੰਦਰ ਹੋਇਆ ਦਾਖਲ ਸਾਰੇ ਲੋਕ ਉਸ ਨੂੰ ਮਿਲਣ ਗਏ ਆ ਅਤੇ ਉਹ ਸਾਰੇ ਚੀਕਾਂ ਰਹੇ ਸੀ ਮਾਰ, ਇਕ ਹੀ ਆਵਾਜ਼ ਵਿਚ। ਸ਼ਹਿਰ ਦੇ ਕੁਝ ਸਿਆਣੇ ਆਏ ਅੱਗੇ ਅਤੇ ਕਹਿਣ ਲੱਗੇ :ਅਜੇ ਨਾ ਜਾਓ ਸਾਡੇ ਤੋਂ ਦੂਰ। ਤੁਸੀਂ ਸਾਡੀ ਜ਼ਿੰਦਗੀ ਦੀ ਢਲਦੀ ਸ਼ਾਮ ਦੇ ਸਮੇਂ ਸਾਨੂੰ ਬਖਸ਼ੀ ਚੜ੍ਹਦੇ ਸੂਰਜ ਦੀ ਰੌਸ਼ਨੀ ਅਤੇ ਤੁਹਾਡੀ ਜਵਾਨੀ ਨੇ ਸਾਨੂੰ ਸੁਪਨੇ ਦਿੱਤੇ। ਤੁਸੀਂ ਸਾਡੇ ਲਈ ਨਹੀਂ ਬੇਗਾਨੇ, ਨਾ ਹੀ ਹੋ ਮਹਿਮਾਨ। ਸਾਡੇ ਲਈ ਹੋ ਸਾਡੇ ਬੱਚਿਆਂ ਵਾਂਗ ਪਿਆਰੇ। ਸਾਡੀਆਂ ਅੱਖਾਂ ਤਰਸ ਨਾ ਜਾਣ ਦੇਖਣ ਲਈ ਤੁਹਾਡਾ ਚਿਹਰਾ। ਪੁਜਾਰੀ ਅਤੇ ਪੁਜਾਰਨ ਨੇ ਉਸ ਨੂੰ ਕਿਹਾ :ਇਹ ਸਮੁੰਦਰ ਦੀਆਂ ਛੱਲਾਂ ਸਾਨੂੰ ਆਪਸ ਵਿਚ ਕਰ ਨਾ ਦੇਣ ਅਲੱਗ ਅਤੇ ਜੋ ਸਮਾਂ ਤੂੰ ਸਾਡੇ ਨਾਲ ਹੈ ਬਿਤਾਇਆ ਉਹ ਨਾ ਜਾਏ ਰਹਿ ਕਿਤੇ ਇਕ ਯਾਦ ਬਣ। ਤੂੰ ਸਾਡੇ ਵਿਚਕਾਰ ਰਿਹਾ ਸਾਡੀ ਰੂਹ ਦੀ ਤਰਾਂ ਅਤੇ ਤੇਰਾ ਪਰਛਾਵਾਂ ਸੀ ਸਾਡੇ ਚਿਹਰੇ ਦੀ ਰੌਸ਼ਨੀ। ਅਸੀਂ ਤੈਨੂੰ ਕੀਤਾ ਹੈ ਬਹੁਤ ਪਿਆਰ, ਪਰ ਸਾਡਾ ਪਿਆਰ ਸੀ ਗੁੱਝਾ ਅਤੇ ਲਿਪਟਿਆ ਹੋਇਆ ਕਈ ਪਰਦਿਆਂ ਵਿਚ। ਹੁਣ ਇਹ ਉੱਚੀ-ਉੱਚੀ ਰਿਹਾ ਹੈ ਰੋ ਤੇਰੇ ਲਈ ਅਤੇ ਤੇਰੇ ਸਾਹਮਣੇ ਇਸਦਾ ਇਜ਼ਹਾਰ ਵੀ ਰਿਹਾ ਹੈ ਹੋ। ਇਹ ਸਦਾ ਤੋਂ ਹੀ ਹੈ ਹੋ ਰਿਹਾ ਕਿ ਪਿਆਰ ਨੂੰ ਵੀ ਆਪਣੀ ਡੂੰਘਾਈ ਦਾ ਨਾ ਲੱਗੇ ਪਤਾ ਜਦੋਂ ਤੱਕ ਵੱਖ ਹੋਣ ਦਾ ਸਮਾਂ ਨਾ ਜਾਵੇ ਆ। ਹੋਰ ਲੋਕ ਵੀ ਉਸ ਕੋਲ ਗਏ ਆ, ਪਰ ਉਸ ਤੋਂ ਕੁਝ ਨਾ ਕਿਹਾ ਗਿਆ। ਉਸ ਨੇ ਸਿਰਫ ਆਪਣਾ ਸਿਰ ਹੀ ਮੋੜਿਆ ਅਤੇ ਜੋ ਖੜੇ ਸੀ ਉਸ ਕੋਲ ਉਹਨਾਂ ਦੇਖਿਆ ਉਸਦੇ ਹੰਝੂ ਰਹੇ ਸੀ ਉਸਦੀ ਛਾਤੀ' ਤੇ ਡਿੱਗ। ਉਹ ਅਤੇ ਹੋਰ ਲੋਕ ਮੰਦਰ ਦੇ ਬਾਹਰ ਵੱਡੇ ਮੈਦਾਨ ਵੱਲ ਪਏ ਚਲ। ਅਲਮਿੱਤਰਾ ਨਾਂ ਦੀ ਔਰਤ ਮੰਦਰ ਤੋਂ ਬਾਹਰ ਆਈ ਜੋ ਸੀ ਦਿੱਬ-ਦ੍ਰਿਸ਼ਟੀ) ਦੂਰ ਦੀ ਸੋਚਣ ਵਾਲੀ (ਵਾਲੀ। ਉਸ)ਅਲਮੁਸਤਫ਼ਾ (ਨੇ ਅਲਮਿੱਤਰਾ ਵੱਲ ਬੜੀ ਹੀ ਨਿਮਰਤਾ ਨਾਲ ਦੇਖਿਆ। ਇਹ ਉਹੀ ਸੀ ਜੋ ਸਭ ਤੋਂ ਪਹਿਲਾਂ ਅਲਮੁਸਤਫ਼ਾ ਨੂੰ ਇਸ ਸ਼ਹਿਰ ਵਿਚ ਸੀ ਮਿਲੀ, ਜਿਸ ਨੇ ਉਸਦੀ ਆਤਮਾ ਨੂੰ ਸੀ ਪਹਿਚਾਣਿਆ ਅਤੇ ਉਸ ਤੇ ਕੀਤਾ ਸੀ ਵਿਸ਼ਵਾਸ, ਜਦੋਂ ਉਸ ਨੂੰ ਇਸ ਸ਼ਹਿਰ ਵਿਚ ਆਏ ਅਜੇ ਹੋਇਆ ਸੀ ਇਕ ਹੀ ਦਿਨ। ਅਲਮਿੱਤਰਾ ਨੇ ਅਲਮੁਸਤਫ਼ਾ ਦੀ ਪ੍ਰਸੰਸਾ ਕਰਦੇ ਕਿਹਾ :ਓ ਰੱਬ ਦੇ ਪੈਗੰਬਰ, ਸਦੀਵੀ ਸੱਚ ਨੂੰ ਲੱਭਣ ਲਈ ਨਿਕਲੇ ਖੋਜੀ, ਤੁਸੀਂ ਬਹੁਤ ਦੇਰ ਤੋਂ ਆਪਣੇ ਜਹਾਜ਼ ਦੀ ਕਰ ਰਹੇ ਸੀ ਉਡੀਕ। ਹੁਣ ਤੁਹਾਡਾ ਜਹਾਜ਼ ਗਿਆ ਹੈ ਆ, ਤੁਹਾਨੂੰ ਜਾਣਾ ਹੀ ਹੈ ਚਾਹੀਦਾ। ਤੁਹਾਡੇ ਦਿਲ ਵਿਚ ਤੁਹਾਡੀਆਂ ਯਾਦਾਂ ਦੀ ਧਰਤੀ ਦੀ ਚਾਹਤ ਬਹੁਤ ਹੈ ਤੇਜ਼। ਸਾਡਾ ਪਿਆਰ ਤੁਹਾਡੇ ਜਾਣ ਦੇ ਰਾਹ ਵਿਚ ਨਹੀਂ ਬਣੇਗਾ ਰੋਕ। ਸਾਡਾ ਪਿਆਰ ਅਤੇ ਸਾਡੀਆਂ

ਜ਼ਰੂਰਤਾਂ ਵੀ ਨਹੀਂ ਸਕਦੀਆਂ ਰਾਹ ਤੁਹਾਡਾ ਰੋਕ। ਫੇਰ ਵੀ ਤੁਹਾਡੇ ਜਾਣ ਤੋਂ ਪਹਿਲਾਂ ਚਾਹੁੰਦੇ ਹਾਂ ਅਸੀਂ ਕਿ ਤੁਸੀਂ ਕਰੋ ਸਾਡੇ ਨਾਲ ਗੱਲਬਾਤ ਅਤੇ ਜ਼ਿੰਦਗੀ ਦੀਆਂ ਸੱਚਾਈਆਂ ਬਾਰੇ ਸਾਨੂੰ ਕੁਝ ਰੋਸ਼ਨੀ ਪਾਓ ਜ਼ਰੂਰ, ਜੋ ਅਸੀਂ ਦੱਸਾਂਗੇ ਆਪਣੇ ਬੱਚਿਆਂ ਨੂੰ ਅਤੇ ਉਹ ਆਪਣੇ ਬੱਚਿਆਂ ਨੂੰ, ਤਾਂ ਜੋ ਇਹ ਹੋ ਨਾ ਜਾਣ ਖਤਮ ਹਮੇਸਾਂ-ਹਮੇਸਾਂ ਲਈ। ਤੁਸੀਂ ਆਪਣੀ ਇਕੱਲਤਾ ਵਿਚ ਦੇਖੇ ਨੇ ਸਾਡੇ ਦਿਨ ਅਤੇ ਆਪਣੇ ਹੋਸ਼-ਹਵਾਸ ਵਿਚ ਸਾਡੇ ਸੁਤਿੱਆਂ ਦੇ ਰੋਣ, ਹਾਸਿਆਂ ਨੂੰ ਹੈ ਸੁਣਿਆ। ਇਸ ਲਈ ਹੁਣ ਸਾਨੂੰ ਸਾਡੇ ਬਾਰੇ ਦੱਸੋ। ਸਾਨੂੰ ਸਭ ਕੁਝ ਦੱਸੋ ਕਿ ਜਨਮ ਅਤੇ ਮੌਤ ਦੇ ਵਿਚਕਾਰ ਹੁੰਦਾ ਹੈ ਕੀ। ਅਲਮੁਸਤਫ਼ਾਰ ਨੇ ਜੁਆਬ ਦਿੱਤਾ : ਓਰਫ਼ਲੀਸ ਦੇ ਲੋਕੋ !ਮੈਂ ਤੁਹਾਨੂੰ ਦੱਸਾਂ ਕੀ? ਇਸ ਸਮੇਂ ਜੋ ਵੀ ਤੁਹਾਡੇ ਦਿਮਾਗ)ਤੁਹਾਡੀ ਆਤਮਾ (ਵਿਚ ਰਿਹਾ ਹੈ ਘੁੰਮ, ਉਸ ਨੂੰ ਰੱਖਣਾ ਸਾਂਭ।

**1. ਪਿਆਰ** ਬਾਰੇ ਫੇਰ ਅਲਮਿੱਤਰਾ ਨੇ ਕਿਹਾ, ਸਾਨੂੰ ਦੱਸ ਕੁਝ ਪਿਆਰ ਬਾਰੇ। ਅਲਮੁਸਤਫ਼ਾ ਨੇ ਗਰਦਨ ਚੁੱਕ ਦੇਖਿਆ ਲੋਕਾਂ ਵੱਲ, ਜਿੰਨਾਂ ਧਾਰ ਲਈ ਸੀ ਚੁੱਪ ਅਤੇ ਬੋਲਿਆ :ਜਦੋਂ ਪਿਆਰ ਦੀ ਰੌਸ਼ਨੀ ਤੁਹਾਡੇ ਤੇ ਹੈ ਪੈਂਦੀ)ਭਾਵ ਪਿਆਰ ਤੁਹਾਨੂੰ ਆਪਣੇ ਕੋਲ ਬੁਲਾਏ(, ਉਸ ਦੇ ਪਿਛੇ ਜਾਓ, ਭਾਵੇਂ ਉਸਦਾ ਰਾਹ ਹੋਵੇ ਮੁਸ਼ਕਲਾਂ ਭਰਿਆ ਅਤੇ ਤਿੱਖੀ ਚੜ੍ਹਾਈ ਵਾਲਾ। ਜਦ ਉਸ ਦੇ ਖੰਭ ਤੁਹਾਨੂੰ ਆਪਣੀ ਪਕੜ ਵਿਚ ਲੈਣ, ਉਸ ਨੂੰ ਘੁੱਟ ਕੇ ਫੜ ਲਓ, ਭਾਵੇਂ ਉਸਦੇ ਫੰਗਾਂ ਵਿਚ ਲੁਕਿਆ ਖੰਜ਼ਰ ਤੁਹਾਨੂੰ ਕਰ ਦੇਵੇ ਜ਼ਖ਼ਮੀ। ਜਦੋਂ ਉਹ ਤੁਹਾਡੇ ਨਾਲ ਕਰੇ ਗੱਲ, ਉਸ ਤੇ ਕਰੋ ਵਿਸ਼ਵਾਸ। ਭਾਵੇਂ ਉਸਦੀ ਅਵਾਜ਼ ਤੁਹਾਡੇ ਸੁਪਨੇ ਦੇਵੇ ਤੋੜ ਜਿਵੇਂ ਉੱਤਰ ਵਾਲੇ ਪਾਸੇ ਦੀ ਹਵਾ ਬਾਗ਼ ਵਿਚ ਖਿੰਡੇਰ ਜਾਵੇ ਕੂੜਾ। ਜਿਵੇਂ ਪਿਆਰ ਤੁਹਾਨੂੰ ਤਾਜ ਪਹਿਨਾ ਸਕਦਾ ਹੈ ਤਾਂ ਸੂਲੀ ਤੇ ਵੀ ਸਕੇ ਚੜ੍ਹਾ। ਜਿਵੇਂ ਉਹ ਤੁਹਾਨੂੰ ਵਧਾਉਂਦਾ ਹੈ, ਉਸੇ ਤਰਾਂ ਹੀ ਉਹ ਤੁਹਾਡੀ ਕਰਦਾ ਹੈ ਕਾਂਟ-ਛਾਂਟ)ਤੁਹਾਡਾ ਮੂੰਹ-ਮੱਥਾ ਵੀ ਹੈ ਸੰਵਾਰਦਾ(। ਜਿਵੇਂ ਉਹ ਰੁੱਖਾਂ ਦੇ ਉਪਰ ਤੱਕ ਜਾ ਕੇ ਸਭ ਤੋਂ ਨਰਮ ਟਾਹਣੀਆਂ ਨੂੰ ਕਰਦਾ ਹੈ ਲਾਡ ਜੋ ਸੂਰਜ ਦੀ ਰੌਸ਼ਨੀ ਨਾਲ ਕੰਬਣ, ਇਸੇ ਤਰਾਂ ਉਹ ਉਹਨਾਂ ਦੀਆਂ ਜੜਾਂ ਤੱਕ ਹੈ ਝੁਕਦਾ ਅਤੇ ਉਹਨਾਂ ਨੂੰ ਧਰਤੀ ਨਾਲ ਚਿੰਬੜੀਆਂ ਹੋਈਆਂ ਨੂੰ ਹੈ ਹਿਲਾਉਂਦਾ। ਮੱਕੀ ਦੇ ਬੰਨੇ ਹੋਏ ਪੂਲਿਆਂ ਵਾਂਗ ਉਹ ਤੁਹਾਨੂੰ ਕਰ ਲਏ ਇਕੱਠਾ ਆਪਣੇ ਅੰਦਰ। ਉਹ ਤੁਹਾਨੂੰ ਨੰਗਾ ਕਰਨ ਲਈ ਝਾੜਦਾ ਵੀ ਹੈ। ਉਹ ਤੁਹਾਡੇ ਛਿਲਕੇ ਲਾਹੁਣ ਲਈ ਚੰਗੀ ਤਰਾਂ ਛੱਟਦਾ ਹੈ ਤੁਹਾਨੂੰ। ਉਹ ਤੁਹਾਨੂੰ ਚਿੱਟਾ ਕਰਨ ਲਈ ਰਗੜਦਾ ਹੈ ਤੁਹਾਨੂੰ। ਉਹ ਉਦੋਂ ਤੱਕ ਮਸਲਦਾ ਹੈ ਤੁਹਾਨੂੰ ਜਦੋਂ ਤੱਕ ਤੁਸੀਂ ਪੂਰੀ ਤਰਾਂ ਨਹੀਂ ਜਾਂਦੇ ਹੋ ਨਰਮ; ਅਤੇ ਫੇਰ ਉਹ

ਤੁਹਾਨੂੰ ਸੇਕੇ ਆਪਣੀ ਪਵਿੱਤਰ ਅੱਗ ਵਿਚ, ਤਾਂ ਜੋ ਤੁਸੀਂ ਪਰਮਾਤਮਾ ਦੇ ਪਵਿੱਤਰ ਖਾਣੇ ਦੇ ਬਣ ਸਕੋ ਯੋਗ। ਪਿਆਰ ਇਹ ਸਭ ਕੁਝ ਕਰੇਗਾ ਨਾਲ ਤੁਹਾਡੇ ਜਦੋਂ ਤੱਕ ਤੁਹਾਨੂੰ ਆਪਣੇ ਦਿਲ ਦੇ ਰਾਜ ਪਤਾ ਨਾ ਲੱਗ ਜਾਣ ਅਤੇ ਉਹ ਗਿਆਨ ਬਣ ਜਾਵੇ ਤੁਹਾਡੇ ਦਿਲ ਦੀ ਮਹਿਕ। ਪਰ ਜੇ ਤੁਸੀਂ ਆਪਣੇ ਡਰ ਵਿਚ ਸਿਰਫ ਆਪਣੇ ਪਿਆਰ ਤੋਂ ਸ਼ਾਂਤੀ ਅਤੇ ਪਿਆਰ ਦੀ ਖੁਸ਼ੀ ਚਾਹੋਗੇ, ਫੇਰ ਤੁਹਾਡੇ ਲਈ ਹੈ ਚੰਗਾ ਇਹੋ ਕਿ ਤੁਸੀਂ ਆਪਣੇ ਨੰਗੇਜਵਾਦ)ਅਗਿਆਨਤਾ (ਨੂੰ ਢੱਕੋ ਅਤੇ ਆਪਣੇ ਪਿਆਰ ਦੇ ਸਖ਼ਤ ਪਿੜ ਤੋਂ ਚਲੇ ਜਾਓ ਦੂਰ। ਚਲੇ ਜਾਓ ਉਸ ਦੁਨੀਆਂ ਵਿਚ ਜਿਥੇ ਰੁਤਾਂ ਨਾ ਹੋਣ ਬਦਲਦੀਆਂ, ਜਿਥੇ ਤੁਸੀਂ ਹੱਸ ਸਕੋ, ਪਰ ਨਹੀਂ ਖੁਲ੍ਹ ਕੇ ਅਤੇ ਨਾ ਹੀ ਸਕੋ ਰੋ, ਖੁਲ੍ਹ ਕੇ। ਪਿਆਰ ਆਪਣੇ ਬਗੈਰ ਨਾ ਕੁਝ ਦੇਵੇ, ਨਾ ਕੁਝ ਲਏ। ਪਿਆਰ ਨਾ ਕਰੇ ਕਿਸੇ 'ਤੇ ਕਬਜ਼ਾ ਨਾ ਹੀ ਹੋਣ ਦੇਵੇ ਆਪਣੇ 'ਤੇ ਕਾਬਜ਼, ਕਿਉਂ ਜੋ ਪਿਆਰ, ਪਿਆਰ ਲਈ ਆਪ ਹੀ ਹੈ ਕਾਫੀ। ਜਦੋਂ ਤੁਸੀਂ ਕਰਦੇ ਹੋ ਪਿਆਰ, ਇਹ ਨਾ ਕਹੋ, "ਰੱਬ ਹੈ ਦਿਲ ਵਿਚ ਮੇਰੇ", ਇਹ ਕਹੋ, "ਮੈਂ ਹਾਂ ਰੱਬ ਦੇ ਦਿਲ ਵਿਚ। "ਇਹ ਨਾ ਸੋਚੋ, 'ਤੁਸੀਂ ਬਦਲ ਸਕਦੇ ਹੋ ਪਿਆਰ ਦਾ ਰਾਹ', ਕਿਉਂ ਜੋ ਪਿਆਰ, ਜੇ ਤੁਹਾਨੂੰ ਠੀਕ ਸਮਝੇ ਤਾਂ ਬਣ ਜਾਏ ਤੁਹਾਡਾ ਰਾਹ ਦਸੇਰਾ। ਪਿਆਰ ਦੀ ਇੱਛਾ ਨਾ ਹੋਵੇ ਕੋਈ ਹੋਰ, ਬਿਨਾਂ ਆਪਣੀ ਪੂਰਤੀ ਤੋਂ। ਪਰ ਜੇ ਤੁਹਾਨੂੰ ਹੈ ਪਿਆਰ ਅਤੇ ਪਿਆਰ ਵਿਚ ਹਨ ਤੁਹਾਡੀਆਂ ਕੁਝ ਰੀਝਾਂ ਵੀ ਤਾਂ ਤੁਹਾਡੀਆਂ ਇੱਛਾਵਾਂ ਇਹ ਹੋਣ :ਪਿਘਲ ਜਾਣਾ ਅਤੇ ਵਹਿਣਾ ਝਰਨੇ ਵਾਂਗ, ਜੋ ਰਾਤ ਨੂੰ ਸੁਣਾਏ ਮਿੱਠੇ ਗੀਤ, ਪਿਆਰ ਵਿਚ ਜਿਆਦਾ ਕੋਮਲਤਾ ਦੀ ਪੀੜ ਜਾਨਣ ਲਈ। ਪਿਆਰ ਦੀ ਤੁਹਾਡੀ ਆਪਣੀ ਸਮਝ ਕਰਕੇ ਹੋ ਜਾਣਾ ਜ਼ਖ਼ਮੀ ਅਤੇ ਆਪਣੀ ਮਰਜ਼ੀ ਅਤੇ ਖੁਸ਼ੀ ਨਾਲ ਕਿੰਨਾ ਕੁ ਵਹਾ ਸਕਦੇ ਹੋ ਆਪਣਾ ਖ਼ੂਨ ਉਸ ਜ਼ਖ਼ਮ ਵਿਚੋਂ। ਸਵੇਰੇ ਖੁਸ਼ੀ-ਖੁਸ਼ੀ ਜਾਗੋ ਤੇ ਪਿਆਰ ਦੇ ਇਕ ਹੋਰ ਦਿਨ ਲਈ ਕਰੋ ਧੰਨਵਾਦ। ਦੁਪਹਿਰ ਵੇਲੇ ਕਰੋ ਅਰਾਮ ਅਤੇ ਹੋ ਜਾਓ ਪਿਆਰ ਵਿਚ ਅੰਤਰ-ਧਿਆਨ। ਧੰਨਵਾਦ ਕਰਦੇ ਸ਼ਾਮ ਨੂੰ ਹੋਵੇ ਘਰ ਵਾਪਸੀ ਅਤੇ ਸੌਣ ਵੇਲੇ ਕਰੋ ਪ੍ਰਾਰਥਨਾ, ਆਪਣੇ ਦਿਲ ਵਿਚ ਵਸੇ ਪਿਆਰ ਲਈ ਅਤੇ ਬੁੱਲ੍ਹਾ' ਤੇ ਹੋਵੇ ਪ੍ਰਸੰਸਾ ਅਤੇ ਧੰਨਵਾਦੀ ਗੀਤ।

2. **ਵਿਆਹ** ਬਾਰੇ ਅਲਮਿੱਤਰਾ ਨੇ ਹੀ ਕੀਤਾ ਇਕ ਹੋਰ ਸੁਆਲ-ਕੁਝ ਦੱਸ ਸਾਨੂੰ ਪਿਆਰ ਬਾਰੇ :ਉਸ ਨੇ ਉੱਤਰ ਦਿੱਤਾ :ਤੁਸੀਂ ਇਕੱਠੇ ਪੈਦਾ ਹੋਏ ਅਤੇ ਹਮੇਸ਼ਾ ਲਈ ਰਹੋਗੇ ਇਕੱਠੇ। ਜਦੋਂ ਮੌਤ ਦੇ ਚਿੱਟੇ ਖੰਭ ਤੁਹਾਡੇ ਦਿਨ ਦੇਣਗੇ ਬਖੇਰ, ਉਸ ਸਮੇਂ ਵੀ ਤੁਸੀਂ ਹੋਵੋਗੇ ਇਕੱਠੇ। ਜਦੋਂ ਤੁਸੀਂ ਚੁੱਪ-ਚੁਪੀਤੇ ਰੱਬ ਨੂੰ ਕਰੋਗੇ ਯਾਦ ਉਸ ਵੇਲੇ ਵੀ ਤੁਸੀਂ ਹੋਵੋਗੇ ਇਕੱਠੇ ਹੀ। ਪਰ

ਤੁਹਾਡੇ ਇਕੱਠੇ ਹੋਣ ਵਿਚ ਵੀ ਚਾਹੀਦੀ ਹੈ ਕੁਝ ਵਿੱਥ। ਨੱਚਣ ਦਿਓ ਦਰਮਿਆਨ ਆਪਣੇ ਸਵਰਗ ਦੀਆਂ ਹਵਾਵਾਂ। ਕਰੋ ਪਿਆਰ ਇਕ-ਦੂਜੇ ਨੂੰ, ਪਰ ਨਾ ਬਣਾਓ ਪਿਆਰ ਨੂੰ ਕੈਦ; ਪਿਆਰ ਤੁਹਾਡੀਆਂ ਰੂਹਾਂ' ਚ ਹੋਵੇ, ਸਮੁੰਦਰ ਦੀਆਂ ਲਹਿਰਾਂ ਵਾਂਗ। ਇਕ ਦੂਜੇ ਦੇ ਪਿਆਲੇ ਜਰੂਰ ਭਰੋ, ਪਰ ਇਕੋ ਪਿਆਲੇ ਵਿਚੋਂ ਘੁੱਟ ਨਾ ਭਰੋ। ਇਕ ਦੂਜੇ ਨੂੰ ਆਪਣੀ ਰੋਟੀ ਦਿਓ, ਪਰ ਇਕੋ ਬੁਰਕੀ ਨਾ ਖਾਓ। ਇਕੱਠੇ ਨੱਚੋ-ਗਾਓ, ਖੁਸ਼ੀਆਂ ਮਨਾਓ, ਪਰ ਰਹੋ ਇਕੱਲੇ ਵੀ, ਅੱਡ-ਅੱਡ ਹੋਣ ਜਿਵੇਂ ਸਾਜ਼ ਦੀਆਂ ਤਾਰਾਂ, ਪਰ ਕੱਢਦੀਆਂ ਸੁਰ ਇਕ ਹੀ। ਇਕ ਦੂਜੇ ਨੂੰ ਆਪਣਾ ਦਿਲ ਦਿਓ, ਪਰ ਇਕ ਦੂਜੇ ਦੇ ਨਾ ਕਰੋ ਹਵਾਲੇ, ਤੁਹਾਡਾ ਦਿਲ ਸਿਰਫ ਜ਼ਿੰਦਗੀ ਦੇ ਹੀ ਹੋਵੇ ਹਵਾਲੇ। ਖੜ੍ਹੋ ਇਕੱਠੇ, ਪਰ ਇਕ ਦੂਜੇ ਦੇ ਬਹੁਤਾ ਨੇੜੇ ਵੀ ਨਹੀਂ :ਮੰਦਰ ਦੇ ਖੰਭੇ ਵੀ ਹੋਣ ਇਕ ਦੂਜੇ ਤੋਂ ਦੂਰ। ਬੋਹੜ)ਬਲੂਤ (ਅਤੇ ਸਰੂ)ਸਾਇਪ੍ਰਸ (ਦੇ ਰੁੱਖ ਇਕ ਦੂਜੇ ਦੀ ਛਾਂ ਵਿਚ ਨਾ ਵੱਧਦੇ।)* ਓਕ,ਬਲੂਤ ਦਰਖ਼ਤ ਲਈ ਬੋਹੜ ਅਤੇ ਸਾਇਪ੍ਰਸ ਰੁੱਖ ਲਈ ਸਰੂ ਵਰਤੇ ਗਏ ਹਨ। (

3. **ਬੱਚਿਆਂ** ਸੰਬੰਧੀ ਇਕ ਔਰਤ ਜਿਸ ਨੇ ਘੁੱਟਿਆ ਹੋਇਆ ਸੀ ਆਪਣੇ ਬੱਚੇ ਨੂੰ ਆਪਣੇ ਨਾਲ, ਲੱਗੀ ਕਹਿਣ, ਸਾਡੇ ਬੱਚਿਆਂ ਬਾਰੇ ਕੁਝ ਦੱਸ। ਉਸ ਨੇ ਕਿਹਾ, ਤੁਹਾਡੇ ਬੱਚੇ ਨਹੀਂ ਤੁਹਾਡੇ। ਉਹ ਹਨ ਬਾਲ ਜ਼ਿੰਦਗੀ ਦੀਆਂ ਇੱਛਾਵਾਂ ਦੇ। ਉਹ ਆਏ ਭਾਵੇਂ ਰਾਹੀਂ ਤੁਹਾਡੇ)ਭਾਵ ਤੁਸੀਂ ਉਹਨਾਂ ਨੂੰ ਜਨਮ ਦਿੱਤਾ(, ਪਰ ਨਹੀਂ ਉਹ ਤੁਹਾਡੇ। ਤੁਸੀਂ ਉਹਨਾਂ ਨੂੰ ਦੇ ਸਕਦੇ ਹੋ ਪਿਆਰ ਆਪਣਾ, ਪਰ ਨਹੀਂ ਆਪਣੇ ਵਿਚਾਰ। ਉਹ ਹੋਣ ਆਪਣੀਆਂ ਸੋਚਾਂ ਦੇ ਮਾਲਕ ਆਪ। ਤੁਸੀਂ ਉਹਨਾਂ ਨੂੰ ਸਰੀਰਕ ਰੂਪ ਵਿਚ ਰੱਖ ਸਕੋ ਕੋਲ ਆਪਣੇ, ਪਰ ਨਹੀਂ ਉਹਨਾਂ ਦੀ ਆਤਮਾ; ਉਹਨਾਂ ਦੀ ਆਤਮਾ ਦਾ ਨਿਵਾਸ ਹੋਵੇ ਆਉਣ ਵਾਲੇ ਕੱਲ ਵਿਚ, ਜਿਥੇ ਤੁਸੀਂ ਨਹੀਂ ਸਕਦੇ ਜਾ, ਸੁਪਨਿਆਂ ਵਿਚ ਵੀ। ਤੁਸੀਂ ਕਰੋ ਕੋਸ਼ਿਸ਼ ਉਹਨਾਂ ਦੀ ਤਰਾਂ ਬਣਨ ਦੀ, ਪਰ ਨਾ ਚਾਹੋ ਉਹਨਾਂ ਨੂੰ ਆਪਣੇ ਵਰਗਾ ਬਣਾਉਣ ਦੀ। ਜ਼ਿੰਦਗੀ ਨਾ ਮੁੜਦੀ ਪਿਛਾਂਹ ਵੱਲ, ਨਾ ਬਣੇ ਬੀਤ ਚੁੱਕੇ ਸਮੇਂ ਵਰਗੀ। ਤੁਸੀਂ ਹੋ ਉਹ ਕਮਾਨ ਜਿਸ ਵਿਚੋਂ ਤੁਹਾਡੇ ਬੱਚੇ ਨਿਕਲਦੇ ਜਿਉਂਦੇ ਤੀਰ ਵਾਂਗ। ਤੀਰ ਅੰਦਾਜ਼ ਦੂਰ ਦਿਸ ਹੱਦੇ ਵੱਲ ਲਾ ਨਿਸ਼ਾਨਾ ਛੱਡੇ ਤੀਰ। ਉਹ ਤੁਹਾਨੂੰ ਮੋੜੇ ਪੂਰੇ ਜ਼ੋਰ ਨਾਲ ਤਾਂ ਜੋ ਉਸਦਾ ਤੀਰ ਤੇਜੀ ਨਾਲ ਪਹੁੰਚੇ ਦੂਰ ਆਪਣੇ ਨਿਸ਼ਾਨੇ ਤੱਕ। ਤੀਰ ਅੰਦਾਜ਼ ਰਾਹੀਂ ਤੁਹਾਨੂੰ ਮੋੜਨਾ ਆਨੰਦ ਮਈ ਹੋਵੇ; ਕਿਉਂ ਜੋ ਉਹ)ਪਰਮਾਤਮਾ(ਜਿੰਨਾ ਪਿਆਰ ਉੱਡਦੇ ਤੀਰ ਨੂੰ ਕਰੇ ਓਨਾ ਹੀ ਪਿਆਰ ਕਰੇ ਆਪਣੀ ਮਜ਼ਬੂਤ ਕਮਾਨ ਨੂੰ ਵੀ।

**4. ਦਾਨ** ਦੇਣ ਬਾਰੇ ਇਕ ਅਮੀਰ ਆਦਮੀ ਨੇ ਕਿਹਾ, ਸਾਨੂੰ ਦਾਨ ਦੇਣ ਬਾਰੇ ਕੁਝ ਦੱਸ। ਉਸਨੇ ਜੁਆਬ ਦਿੱਤਾ :ਜਦੋਂ ਤੁਸੀਂ ਆਪਣੇ ਖਜ਼ਾਨੇ ਵਿਚੋਂ ਦਿਓ ਦਾਨ ਤਾਂ ਉਹ ਨਾ ਹੋਵੇ ਕੋਈ ਦਾਨ। ਜਦੋਂ ਤੁਸੀਂ ਆਪਣੇ-ਆਪ ਵਿਚੋਂ ਦਿਓ ਉਹੀ ਹੋਵੇ ਅਸਲੀ ਦਾਨ। ਤੁਹਾਡੀ ਧਨ-ਦੌਲਤ ਅਸਲ ਵਿਚ ਹੈ ਕੀ? ਉਹ ਚੀਜ਼ਾਂ ਜੋ ਤੁਸੀਂ ਰੱਖ ਲਓ ਸਾਂਭ ਕਿ ਆਉਣ ਵਾਲੇ ਸਮੇਂ ਆ ਜਾਣ ਕੰਮ? ਕਿਹੜਾ ਕੱਲ? ਆਉਣ ਵਾਲਾ ਕੱਲ੍ਹ? ਉਸ ਜਿਆਦਾ ਸਿਆਣੇ ਕੁੱਤੇ ਲਈ ਵੀ ਹੋਵੇਗਾ ਕੀ ਜੋ ਪਵਿੱਤਰ ਸ਼ਹਿਰ ਦੀ ਯਾਤਰਾ ਕਰ ਰਹੇ ਰਾਹੀਆਂ ਦਾ ਪਿੱਛਾ ਕਰਦੇ ਰੇਗਿਸਤਾਨ ਦੇ ਬਦਲਦੇ ਰਾਹਾਂ ਦੀ ਰੇਤ ਵਿਚ ਹੱਡੀਆਂ ਰੱਖੇ ਦੱਬ। ਜ਼ਰੂਰਤ ਦਾ ਡਰ ਹੈ ਕੀ? ਸਿਰਫ ਖ਼ੁਦ ਦੀ ਜ਼ਰੂਰਤ ਤੋਂ ਬਿਨਾਂ ਕੁਝ ਨਹੀਂ ਹੋਰ। ਜਦੋਂ ਤੁਹਾਡਾ ਖੂਹ ਹੋਵੇ ਭਰਿਆ, ਪਰ ਫੇਰ ਵੀ ਤੁਹਾਨੂੰ ਲੱਗਿਆ ਰਹੇ ਡਰ ਪਿਆਸ ਦਾ। ਇਹ ਅਸਲ ਵਿਚ ਨਾ ਹੋਵੇ ਪਿਆਸ ਦਾ ਡਰ, ਇਹ ਹੋਵੇ ਡਰ ਉਸ ਪਿਆਸ ਦਾ ਜੋ ਨਾ ਬੁਝੇ ਕਦੇ। ਕਈ ਹੋਣ ਅਜਿਹੇ ਜਿੰਨਾਂ ਕੋਲ ਹੋਵੇ ਬਹੁਤ ਕੁਝ, ਉਸ ਵਿਚੋਂ ਬਹੁਤ ਘੱਟ ਕਰਦੇ ਦਾਨ, ਇਸ ਲਈ ਕਿ ਉਹਨਾਂ ਦੀ ਬਣੀ ਰਹੇ ਪਹਿਚਾਣ। ਉਹਨਾਂ ਦੀਆਂ ਅੰਦਰਲੀਆਂ ਲੁਕੀਆਂ ਇੱਛਾਵਾਂ ਦਿੱਤੇ ਦਾਨ ਨੂੰ ਕਰ ਦੇਣ ਅਰਥ ਹੀਣ। ਕਈ ਹੋਣ ਅਜਿਹੇ ਜਿੰਨਾਂ ਕੋਲ ਹੋਵੇ ਭਾਵੇਂ ਘੱਟ, ਪਰ ਉਹ ਸਾਰਾ ਹੀ ਕਰ ਦੇਣ ਦਾਨ। ਇਹ ਹੋਣ ਉਹ ਲੋਕ ਜੋ ਜ਼ਿੰਦਗੀ ਅਤੇ ਜੀਵਨ ਦੇ ਦਿਆਲੂ ਪੁਣੇ ਤੇ ਕਰਨ ਵਿਸ਼ਵਾਸ ਅਤੇ ਉਹਨਾਂ ਦੇ ਖਜ਼ਾਨੇ ਹਮੇਸ਼ਾ ਰਹਿਣ ਭਰਪੂਰ। ਕਈ ਅਜਿਹੇ ਵੀ ਹੋਣ ਜੋ ਖੁਸ਼ੀ ਨਾਲ ਦਿੰਦੇ ਦਾਨ ਅਤੇ ਇਹੋ ਖੁਸ਼ੀ ਹੋਵੇ ਉਹਨਾਂ ਦਾ ਇਨਾਮ। ਕੁਝ ਹੋਣ ਅਜਿਹੇ ਦਾਨੀ ਜੋ ਦਾਨ ਕਰਨ ਪਰ ਦੁਖੀ ਹੋ ਕੇ ਨਹੀਂ ਅਤੇ ਨਾ ਹੀ ਭਾਲਦੇ ਇਸ ਵਿਚੋਂ ਖੁਸ਼ੀ। ਉਹ ਦਾਨ ਦੇਣ ਸਮੇਂ ਪੁੰਨ ਵਰਗੀ ਸੋਚ ਵੱਲ ਨਾ ਦਿੰਦੇ ਧਿਆਨ। ਉਹ ਦਾਨ ਕਰਨ ਜਿਵੇਂ ਦੂਰ ਵਾਦੀਆਂ ਵਿਚ ਮਹਿੰਦੀ ਦਾ ਬੂਟਾ ਆਪਣੀਆਂ ਪੱਤੀਆਂ ਦੀ ਮਹਿਕ ਹਵਾ' ਚ ਦੇਵੇ ਖਿੰਡੇਰ। ਅਜਿਹੇ ਰੱਬੀ ਲੋਕਾਂ ਦੇ ਹੱਥਾਂ ਵਿਚੋਂ ਬੋਲਦਾ ਹੈ ਰੱਬ ਅਤੇ ਉਹਨਾਂ ਦੀਆਂ ਅੱਖਾਂ ਰਾਹੀਂ ਰੱਬ ਧਰਤੀ ਵੱਲ ਤੱਕੇ ਅਤੇ ਹੱਸੇ। ਕਿਸੇ ਦੇ ਮੰਗਣ ਤੇ ਦਿੱਤਾ ਦਾਨ ਹੋਵੇ ਚੰਗਾ, ਪਰ ਬਿਨਾਂ ਮੰਗਿਆ ਦਿੱਤਾ ਦਾਨ ਹੋਰ ਵੀ ਹੈ ਚੰਗਾ ਅਤੇ ਖੁੱਲ੍ਹੇ ਦਿਲ ਨਾਲ ਦਾਨ ਦੇਣ ਵਾਲਿਆਂ ਨੂੰ ਦਾਨ ਦੇਣ ਤੋਂ ਵੀ ਜਿਆਦਾ ਖੁਸ਼ੀ ਮਿਲੇ ਦਾਨ ਲੈਣ ਵਾਲੇ ਦੀ ਭਾਲ। ਕੀ ਕੋਈ ਚੀਜ਼ ਹੈ ਅਜਿਹੀ ਜਿਸ ਨੂੰ ਤੁਸੀਂ ਰੱਖਣਾ ਚਾਹੁੰਦੇ ਹੋ ਆਪਣੇ ਕੋਲ? ਤੁਹਾਡੇ ਕੋਲ ਜੋ ਕੁਝ ਵੀ ਹੈ, ਇਕ ਦਿਨ ਮਿਲ ਜਾਵੇਗਾ ਕਿਸੇ ਨੂੰ ਹੋਰ, ਇਸ ਲਈ ਚੰਗਾ ਇਹੋ ਹੈ ਹੁਣੇ ਦੇ ਦਿਓ, ਤਾਂ ਜੋ ਤੁਹਾਨੂੰ ਹੀ ਮਿਲੇ ਦੇਣ ਦੀ ਖੁਸ਼ੀ ਨਾ ਕਿ ਤੁਹਾਡੇ ਵਾਰਸਾਂ ਨੂੰ। ਤੁਸੀਂ ਆਮ ਤੌਰ ਤੇ ਕਹਿੰਦੇ ਹੋ, 'ਮੈਂ ਦਾਨ ਦੇਵਾਂਗਾ, ਪਰ ਜਿੰਨਾਂ ਨੂੰ

ਲੋੜ ਹੈ। 'ਤੁਹਾਡੇ ਬਾਗ਼ ਦੇ ਰੁੱਖ ਤਾਂ ਇਹ ਨਾ ਕਹਿਣ, ਨਾ ਹੀ ਤੁਹਾਡੀਆਂ ਚਰਾਂਦਾ ਦੇ ਪਸ਼ੂ। ਉਹ ਇਸ ਲਈ ਦਿੰਦੇ ਹਨ ਤਾਂ ਜੋ ਉਹ ਰਹਿ ਸਕਣ ਜਿਉਂਦੇ। ਆਪਣੇ ਕੋਲ ਹੀ ਜੋ ਰੱਖਦੇ ਸਾਂਭ ਉਹ ਹੋ ਜਾਣ ਖਤਮ। ਯਕੀਨਨ ਜੋ)ਕੁਦਰਤ ਤੋਂ (ਆਪਣੇ ਦਿਨ ਅਤੇ ਰਾਤ ਪ੍ਰਾਪਤ ਕਰਨ ਦੇ ਹੁੰਦੇ ਯੋਗ, ਉਹ ਤੁਹਾਡੇ ਕੋਲੋਂ ਵੀ ਸਭ ਕੁਝ ਲੈਣ ਦੇ ਹੋਣ ਯੋਗ। ਜੋ ਜ਼ਿੰਦਗੀ ਦੇ ਸਮੁੰਦਰ' ਚੋਂ ਘੁੱਟ ਸਕਦੇ ਭਰ, ਉਹ ਤੁਹਾਡੇ ਛੋਟੇ ਝਰਨੇ ਦੀ ਧਾਰਾ ਵਿਚੋਂ ਵੀ ਹੈ ਆਪਣਾ ਪਿਆਲਾ ਸਕਦੇ ਭਰ। ਇਸ ਤੋਂ ਵਧੀਆ ਗੱਲ ਹੋਵੇ ਹੋਰ ਕੀ, ਜੋ ਹੌਸਲੇ ਅਤੇ ਭਰੋਸੇ ਵਿਚ ਹੈ)ਦਾਨ ਦੇਣ ਸਮੇਂ(, ਨਾ ਕਿ ਦਾਨ ਲੈਣ ਵਿਚ? ਤੁਸੀਂ ਹੋ ਕੌਣ ਜੋ ਆਪਣੀ ਖੁਸ਼ੀ ਅਤੇ ਯੋਗਤਾ ਨੂੰ ਪਰਖਣ ਲਈ ਦੂਜਿਆਂ ਦੇ ਮਾਣ-ਸਨਮਾਨ ਨੂੰ ਸੱਟ ਮਾਰੋ, ਤਾਂ ਜੋ ਉਹ ਤੁਹਾਡੇ ਸਾਹਮਣੇ ਆਪਣੀ ਅਸਲੀਅਤ ਨੂੰ ਬੇ-ਪਰਦਾ ਕਰ ਸਕਣ? ਪਹਿਲਾਂ ਤੁਸੀਂ ਇਹ ਖ਼ੁਦ ਦੇਖੋ ਕਿ ਕੀ ਤੁਸੀਂ ਦੇਣ ਦੇ ਯੋਗ ਵੀ ਹੋ ਅਤੇ ਦਾਨ ਦੇਣ ਦੇ ਸਾਧਨ ਹਨ ਕੋਲ ਤੁਹਾਡੇ? ਸੱਚਾਈ ਇਹ ਹੈ ਕਿ ਇਹ ਜ਼ਿੰਦਗੀ ਹੀ ਹੈ ਜੋ ਜ਼ਿੰਦਗੀ ਨੂੰ ਦੇਵੇ ਕੁਝ। ਤੁਸੀਂ ਜੋ ਸਮਝਦੇ ਹੋ ਆਪਣੇ ਆਪ ਨੂੰ ਦਾਨੀ, ਤੁਸੀਂ ਤਾਂ ਦਾਨ ਦੇਣ ਦੇ ਮਹਿਜ਼ ਹੋ ਇਕ ਸਾਧਨ। ਤੁਸੀਂ ਦਾਨ ਲੈਣ ਵਾਲਿਓ ਅਤੇ ਤੁਸੀਂ ਸਾਰੇ ਹੀ ਦਾਨ ਲੈਣ ਵਾਲੇ ਹੋ, ਤੁਸੀਂ ਆਪਣੇ-ਆਪ 'ਤੇ ਅਹਿਸਾਨ ਦਾ ਭਾਰ ਨਾ ਮੰਨੋ, ਕਿਤੇ ਇਹ ਨਾ ਹੋਵੇ ਕਿ ਤੁਸੀਂ ਆਪਣੇ ਅਤੇ ਜੋ ਤੁਹਾਨੂੰ ਦਿੰਦੇ ਹਨ ਉਹਨਾਂ ਨੂੰ ਕਿਸੇ ਹੀਣ ਭਾਵਨਾ ਦਾ ਸ਼ਿਕਾਰ ਦਿਓ ਬਣਾ ਜਾਂ ਕਿਸੇ ਭਾਰ ਹੇਠ ਦਿਓ ਦਬਾ। ਇਸ ਤੋਂ ਚੰਗਾ ਹੈ ਕਿ ਤੁਸੀਂ ਦਾਨ ਦੇਣ ਵਾਲੇ ਨਾਲ ਮਿਲ ਕੇ ਉਸਦੇ ਦਿੱਤੇ ਤੋਹਫ਼ੇ ਦੇ ਖੰਭਾ' ਤੇ ਉੱਡੋ)ਭਾਵ ਤੁਸੀਂ ਦਾਨ ਦੇ ਸਹਾਰੇ ਇਸ ਤਰਾਂ ਅੱਗੇ ਵਧੋ ਜਿਵੇਂ ਪੰਛੀ ਆਪਣੇ ਖੰਬਾਂ ਦਾ ਸਹਾਰੇ ਉੱਡਦੇ ਹਨ(। ਆਪਣੇ ਕਰਜ਼ੇ ਸੰਬੰਧੀ ਬਹੁਤਾ ਸੋਚਣਾ ਦਿਲ ਖੋਲ੍ਹ ਕੇ ਰਹਿਮਤਾਂ ਦੇਣ ਵਾਲੇ ਦਾਨੀ' ਤੇ ਸ਼ਕ ਕਰਨ ਬਰਾਬਰ ਹੈ, ਜਿਸ ਨੇ ਸਾਨੂੰ ਧਰਤੀ ਨੂੰ ਮਾਂ ਦੇ ਰੂਪ ਅਤੇ ਰੱਬ ਨੂੰ ਪਿਤਾ ਦੇ ਰੂਪ ਵਿਚ ਹੈ ਬਖ਼ਸ਼ਿਆ।

**5. ਖਾਣ-ਪੀਣ** ਬਾਰੇ ਇਕ ਬਜ਼ੁਰਗ ਜੋ ਕਿਸੇ ਸਰਾਂ ਦਾ ਚੌਕੀਦਾਰ ਸੀ ਨੇ ਕਿਹਾ, ਸਾਨੂੰ ਖਾਣ-ਪੀਣ ਸੰਬੰਧੀ ਕੁਝ ਦੱਸ। ਉਸ ਨੇ ਕਿਹਾ :ਤੁਸੀਂ ਰਹਿ ਸਕਦੇ ਜੇ ਜਿਉਂਦੇ ਇਸ ਧਰਤੀ ਦੀ ਖੁਸ਼ਬੂ ਦੇ ਆਸਰੇ ਹੀ ਅਤੇ ਉਸ ਬੂਟੇ ਦੀ ਤਰਾਂ ਜੋ ਰੌਸ਼ਨੀ ਦੇ ਸਹਾਰੇ ਹੀ ਰਹੇ ਜਿਉਂਦਾ, ਤਾਂ ਹੁੰਦਾ ਕਿੰਨਾ ਚੰਗਾ। ਪਰ ਕਿਉਂ ਜੋ ਤੁਸੀਂ ਆਪ ਕੁਝ ਖਾਣ ਲਈ ਮਾਰਨਾ ਹੀ ਹੈ ਕਿਸੇ ਨੂੰ ਅਤੇ ਬੁਝਾਉਣ ਲਈ ਪਿਆਸ ਆਪਣੀ, ਕਿਸੇ ਨਵ-ਜੰਮੇ ਬੱਚੇ ਨੂੰ ਦੂਰ ਕਰਨਾ ਹੀ ਹੈ ਉਸ ਦੀ ਮਾਂ ਦੇ ਦੁੱਧ ਤੋਂ, ਤਾਂ ਇਹ ਹੋਣਾ ਚਾਹੀਦਾ ਹੈ ਰੱਬ ਦੀ ਪੂਜਾ ਦੀ ਤਰਾਂ। ਇਸ ਕੰਮ ਲਈ

ਤੁਸੀਂ ਆਪਣੇ ਤਖ਼ਤੇ)ਜਿਸ ਤੇ ਪਸ਼ੂ, ਪੰਛੀਆਂ ਨੂੰ ਰੱਖ ਕੇ ਕੱਟਿਆ ਜਾਂਦਾ ਹੈ(ਨੂੰ ਦਿਓ ਬਲੀਦਾਨ ਕਰਨ ਵਾਲੀ ਉਸ ਪਵਿੱਤਰ ਅਗਨੀ) ਵੇਦੀ (ਦਾ ਰੂਪ ਜਿਸ' ਤੇ ਜੰਗਲ ਅਤੇ ਸ਼ਹਿਰ ਦੇ ਪਾਕ ਅਤੇ ਨਿਰਦੋਸ਼ਾਂ ਦੀ ਦਿੱਤੀ ਜਾਵੇ ਬਲੀ, ਜੋ ਹੋਣ ਇਨਸਾਨਾਂ ਨਾਲੋਂ ਵੀ ਵਧੇਰੇ ਪਵਿੱਤਰ ਅਤੇ ਭੋਲੇ-ਭਾਲੇ। ਜਦੋਂ ਤੁਸੀਂ ਮਾਰਦੇ ਹੋ ਕਿਸੇ ਜਾਨਵਰ ਨੂੰ ਤਾਂ ਤੁਸੀਂ ਉਸ ਨੂੰ ਆਪਣੇ ਦਿਲ ਇਸ ਤਰਾਂ ਹੋਵੋ ਮੁਖਾਤਬ" :ਜਿਸ ਸ਼ਕਤੀ ਨਾਲ ਮੈਂ ਕਰ ਰਿਹਾ ਹਾਂ ਤੈਨੂੰ ਜ਼ਿਬਾਹ)ਕਤਲ (ਉਹੀ ਤਾਕਤ ਮੈਨੂੰ ਵੀ ਕਰੇ ਖਤਮ; ਮੈਂ ਵੀ ਬਣਾ ਕਿਸੇ ਦੇ ਖਾਣ ਦਾ ਸਮਾਨ। ਜਿਸ ਕਾਨੂੰਨ ਨੇ ਕੀਤਾ ਹੈ ਮੇਰੇ ਸਪੁਰਦ ਤੈਨੂੰ ਉਹੀ ਕਾਨੂੰਨ ਮੈਨੂੰ ਕਰ ਦੇਵੇ ਕਿਸੇ ਹੋਰ ਵੱਡੀ ਸ਼ਕਤੀ ਦੇ ਹਵਾਲੇ। ਤੇਰਾ ਅਤੇ ਮੇਰਾ ਖ਼ੂਨ ਨਹੀਂ ਉਸ ਰਸ ਤੋਂ ਬਿਨਾਂ ਕੁਝ ਹੋਰ ਜੋ ਸਵਰਗ ਦੇ ਵਿਸ਼ਾਲ ਰੁੱਖ ਨੂੰ ਰਿਹਾ ਹੈ ਪਾਲ)ਜੋ ਇਸ ਸੰਸਾਰ ਰੂਪੀ ਵਿਸ਼ਲ ਰੁੱਖ ਨੂੰ ਪਾਲ ਰਿਹਾ ਹੈ(। ਜਦੋਂ ਤੁਸੀਂ ਕਿਸੇ ਸੇਬ ਨੂੰ ਹੋ ਚਬਾਉਂਦੇ ਆਪਣੇ ਦੰਦਾਂ ਨਾਲ, ਤਾਂ ਆਪਣੇ ਦਿਲ ਵਿਚ ਇਹ ਕਹੋ ਜ਼ਰੂਰ' :ਤੇਰੇ ਬੀਜ ਰਹਿਣਗੇ ਮੇਰੇ ਸਰੀਰ ਵਿਚ ਅਤੇ ਮੇਰੇ ਦਿਲ ਵਿਚ ਰਹਿਣਗੀਆਂ ਖਿੜਿਆਂ ਕਲੀਆਂ ਹਮੇਸ਼ਾ ਤੇਰੇ ਆਉਣ ਵਾਲੇ ਕੱਲ ਦੀਆਂ। ਤੇਰੀ ਖ਼ੁਸ਼ਬੂ ਮੇਰੇ ਸਾਹਾਂ ਨੂੰ ਰਹੇਗੀ ਮਹਿਕਾਉਂਦੀ ਅਤੇ ਆਪਾਂ ਦੋਵੇਂ ਆਉਣ ਵਾਲੇ ਮੌਸਮ ਵਿਚ ਰਹਾਂਗੇ ਖੁਸ਼ੀਆਂ ਦਾ ਆਨੰਦ ਮਾਣਦੇ।' ਪਤਝੜ ਦੀ ਰੁੱਤੇ ਜਦੋਂ ਆਪਣੇ ਬਾਗ਼ਾਂ ਦੇ ਅੰਗੂਰਾਂ ਦਾ ਰਸ ਕੱਢਣ ਲਈ ਉਹਨਾਂ ਨੂੰ ਕਰ ਇਕੱਠੇ ਤੁਸੀਂ ਘੁਲਾਹੜੀ ਵਿਚ ਪਾਓ ਤਾਂ ਆਪਣੇ ਦਿਲ ਨੂੰ ਇਹ ਕਹਿਣਾ' :ਮੈਂ ਵੀ ਹਾਂ ਇਕ ਬਗੀਚਾ ਅੰਗੂਰਾਂ ਦਾ ਅਤੇ ਫਲ ਮੇਰੇ ਵੀ ਕਰ ਇਕੱਠੇ ਭੱਠੀ ਵਿਚ ਜਾਣਗੇ ਕਾਹੜੇ। ਨਵੀਂ ਸ਼ਰਾਬ ਦੀ ਤਰਾਂ ਰੱਖਿਆ ਜਾਏਗਾ ਮੈਨੂੰ ਵੀ ਕਈ ਭਾਂਡਿਆਂ ਵਿਚ।' ਜਦੋਂ ਸਰਦੀਆਂ ਵਿਚ ਕੱਢਦੇ ਹੋ ਘੜਿਆਂ' ਚੋਂ ਸ਼ਰਾਬ, ਤਾਂ ਹਰ ਪਿਆਲੇ ਲਈ ਤੁਹਾਡੇ ਦਿਲ ਵਿਚ ਹੋਵੇ ਇਕ ਗੀਤ; ਹਰ ਗੀਤ ਵਿਚ ਹੋਵੇ ਪਤਝੜ ਦੇ ਦਿਨਾਂ ਦੀ ਯਾਦ, ਯਾਦ ਅੰਗੂਰਾਂ ਦੇ ਬਾਗ਼ ਅਤੇ ਉਸ ਭੱਠੀ ਦੀ, ਬਣਾਉਂਦੀ ਜੋ ਸ਼ਰਾਬ।

**6. ਕੰਮ** ਇਕ ਹਲ ਵਾਹੁਣ ਵਾਲੇ ਕਿਸਾਨ ਨੇ ਕਿਹਾ, ਸਾਡੇ ਨਾਲ ਕੰਮ ਬਾਰੇ ਕਰ ਕੋਈ ਗੱਲ। ਉਸ ਨੇ ਜਵਾਬ ਦਿੱਤਾ :ਤੁਸੀਂ ਕਰਦੇ ਹੋ ਕੰਮ ਤਾਂ ਜੋ ਤੁਸੀਂ ਧਰਤੀ ਅਤੇ ਧਰਤੀ ਦੀ ਆਤਮਾ ਨਾਲ ਮਿਲ ਕੇ ਚਲ ਸਕੋ। ਵਿਹਲੇ ਰਹਿਣ ਦਾ ਮਤਲਬ ਹੈ ਬਦਲਦੇ ਮੌਸਮ ਅਤੇ ਸ਼ਾਨ ਮੱਤੇ ਜ਼ਿੰਦਗੀ ਦੇ ਨਾ ਖਤਮ ਹੋਣ ਵਾਲਾ ਰਾਹ ਤੋਂ ਹੋ ਜਾਣਾ ਬੇਗਾਨੇ। ਜਦੋਂ ਤੁਸੀਂ ਕਰਦੇ ਹੋ ਕੰਮ, ਤੁਸੀਂ ਉਸ ਸਮੇਂ ਹੋਵੋ ਉਸ ਬੰਸਰੀ ਦੀ ਤਰਾਂ ਜਿਸ ਵਿਚ ਸਮੇਂ ਦੁਆਰਾ ਮਾਰੀ ਹਰ ਫੂਕ ਬਣ ਜਾਵੇ ਸੰਗੀਤ। ਤੁਹਾਡੇ ਵਿਚੋਂ ਭਲਾ ਹੈ ਕੋਈ ਅਜਿਹਾ ਜੋ ਉਹਨਾਂ ਪਲਾਂ ਵਿਚ ਬਣ

ਜਾਵੇ ਮੂਕ ਦਰਸ਼ਕ ਜਦੋਂ ਹਰ ਕੋਈ ਬੰਸਰੀ ਦੀਆਂ ਸੁਰਾਂ ਨਾਲ ਹੋ ਇਕ-ਮਿਕ ਰਿਹਾ ਹੋਵੇ ਗਾ। ਤੁਹਾਨੂੰ ਹਮੇਸਾਂ ਇਹੋ ਦੱਸਿਆ ਜਾਵੇ ਕਿ ਕਿਰਤ ਕਰਨੀ ਇਕ ਸਰਾਪ ਅਤੇ ਮਿਹਨਤ ਕਰਨੀ ਹੈ ਬਦਕਿਸਮਤੀ। ਮੈਂ ਤੁਹਾਨੂੰ ਰਿਹਾ ਹਾਂ ਦੱਸ ਕਿ ਜਦੋਂ ਤੁਸੀਂ ਕਰੋ ਕੰਮ, ਉਸ ਸਮੇਂ ਤੁਸੀਂ ਧਰਤੀ ਦੇ ਉਸ ਸੁਪਨੇ ਨੂੰ ਕੁਝ ਹੱਦ ਤੱਕ ਕਰੋ ਪੂਰਾ ਜੋ ਸੁਪਨੇ ਦੇ ਜਨਮ ਸਮੇਂ ਹੀ ਲੱਗ ਗਿਆ ਸੀ ਤੁਹਾਡੇ ਜਿੰਮੇ। ਜਦੋਂ ਤੁਸੀਂ ਕਰਦੇ ਹੋ ਮਿਹਨਤ ਤਾਂ ਤੁਸੀਂ ਜ਼ਿੰਦਗੀ ਨਾਲ ਕਰਦੇ ਹੋ ਪਿਆਰ। ਮਿਹਨਤ ਰਾਹੀਂ ਜ਼ਿੰਦਗੀ ਨੂੰ ਹੈ ਚਾਹੁਣਾ, ਜ਼ਿੰਦਗੀ ਦੇ ਸਭ ਤੋਂ ਵੱਡੇ ਰਹੱਸ ਨਾਲ ਸਾਂਝ ਪਾਉਣਾ, ਪਰ ਜੇ ਤੁਸੀਂ ਆਪਣੇ ਦੁੱਖਾਂ ਸਮੇਂ ਇਹ ਕਹੋ ਕਿ ਤੁਹਾਡਾ ਜਨਮ ਹੈ ਇਕ ਮੁਸੀਬਤ ਅਤੇ ਹੱਡ-ਮਾਸ ਨਾਲ ਬਣਿਆ ਤੁਹਾਡਾ ਸਰੀਰ ਹੈ ਤੁਹਾਡੇ ਮੱਥੇ ਤੇ ਲਿਖੇ ਸਰਾਪ ਦੀ ਤਰਾਂ ਤਾਂ ਮੇਰਾ ਜੁਆਬ ਹੈ ਇਹੋ ਕਿ ਤੁਹਾਡੇ ਮੱਥੇ ਦੇ ਪਸੀਨੇ ਦੀਆਂ ਬੂੰਦਾਂ ਹੀ ਸਕਦੀਆਂ ਮੇਟ ਤੁਹਾਡੇ ਲੇਖ। ਤੁਹਾਨੂੰ ਇਹ ਵੀ ਗਿਆ ਹੈ ਦੱਸਿਆ ਕਿ ਜ਼ਿੰਦਗੀ ਹੈ ਹਨੇਰਾ ਅਤੇ ਤੁਸੀਂ ਵੀ ਥਕਾਵਟ ਦੇ ਸਮੇਂ ਜ਼ਿੰਦਗੀ ਤੋਂ ਉਪਰਾਮ ਹੋ ਚੁਕੇ ਲੋਕਾਂ ਦੀ ਤਰਾਂ ਉਹੀ ਕੁਝ ਲੱਗ ਜਾਂਦੇ ਹੋ ਦੁਹਰਾਉਣ। ਮੇਰਾ ਹੈ ਇਹ ਕਹਣਾ ਕਿ ਜ਼ਿੰਦਗੀ ਵਾਕਿਆ ਹੀ ਹੈ ਘੋਰ ਹਨੇਰਾ ਜਦੋਂ ਤੱਕ ਇਸ ਵਿਚ ਕੋਈ ਖਾਹਿਸ਼, ਕੋਈ ਇੱਛਾ ਨਹੀਂ। ਹਰ ਖਾਹਿਸ਼ ਹੋਵੇ ਅੰਨੀ ਜਦ ਤੱਕ ਉਸ ਵਿਚ ਨਾ ਹੋਵੇ ਗਿਆਨ, ਗਿਆਨ ਵੀ ਹੈ ਕੰਮ ਤੋਂ ਬਿਨਾਂ ਅਰਥ ਹੀਣ ਅਤੇ ਪਰੇਮ ਭਾਵ ਤੋਂ ਬਿਨਾਂ ਹੈ ਕੰਮ ਵੀ ਹੋਵੇ ਖੋਖਲਾ। ਜਦੋਂ ਤੁਸੀਂ ਕਰੋ ਕੋਈ ਕੰਮ ਪਿਆਰ ਨਾਲ ਤਾਂ ਤੁਸੀਂ ਖ਼ੁਦ ਨਾਲ, ਹੋਰਾਂ ਨਾਲ ਅਤੇ ਰੱਬ ਨਾਲ ਹੋ ਜੁੜਦੇ। ਪਿਆਰ ਨਾਲ ਕੀਤਾ ਕੰਮ ਕੀ ਹੁੰਦਾ ਹੈ? ਇਹ ਹੈ ਆਪਣੇ ਦਿਲ ਦੇ ਧਾਗਿਆਂ ਨਾਲ ਕੱਪੜਾ ਬੁਣਨਾ ਜਿਵੇਂ ਉਹ ਕੱਪੜਾ ਤੁਹਾਡੇ ਕਿਸੇ ਚਾਹੁਣ ਵਾਲੇ ਨੇ ਹੈ ਪਾਉਣਾ। ਇਹ ਉਸ ਤਰਾਂ ਹੈ ਜਿਵੇਂ ਪਿਆਰ ਨਾਲ ਘਰ ਬਣਾਉਣਾ ਜਿਸ ਵਿਚ ਹੋਵੇ ਤੁਹਾਡੇ ਪ੍ਰੇਮ ਪਿਆਰੇ ਨੇ ਹੈ ਰਹਿਣਾ। ਇਹ ਹੈ ਉਸੇ ਤਰਾਂ ਜਿਵੇਂ ਤੁਸੀਂ ਬੜੇ ਪਿਆਰ ਨਾਲ ਬੀਜਦੇ ਹੋਏ ਬੀਜ ਖੁਸ਼ੀ ਵਿਚ ਹੋਵੋ ਖੀਵੇ, ਕਿਉਂ ਜੋ ਇਸ ਦੇ ਫਲ ਖਾਣੇ ਹਨ ਤੁਹਾਡੇ ਕਿਸੇ ਬਹੁਤ ਹੀ ਪਿਆਰੇ ਨੇ। ਇਹ ਇਸ ਤਰਾਂ ਹੈ ਜਿਵੇਂ ਆਪਣੀ ਬਣਾਈ ਹਰ ਚੀਜ਼ ਨੂੰ ਤੁਸੀਂ ਸੰਵਾਰੋ ਰੂਹ ਦੇ ਰੰਦੇ ਨਾਲ ਅਤੇ ਇਸ ਦਾ ਭਾਵ ਹੈ ਕਿ ਤੁਹਾਡੇ ਸਨੇਹੀ ਜੋ ਰੱਬ ਕੋਲ ਹਨ ਜਾ ਬਿਰਾਜੇ ਉਹ ਤੁਹਾਡੇ ਆਸ-ਪਾਸ ਹੀ ਖੜੇ ਨਿਹਾਰ ਰਹੇ ਨੇ ਤੁਹਾਨੂੰ। ਮੈਂ ਅਕਸਰ ਸੁਣਿਆ ਹੈ ਤੁਹਾਨੂੰ ਇਹ ਕਹਿੰਦੇ, ਜਿਵੇਂ ਤੁਸੀਂ ਸੁੱਤੇ ਪਏ ਬੁੜਬੁੜਾਉਂਦੇ ਹੋਵੋ ਕਿ ਜਿਸ ਨੂੰ ਸੰਗਮਰਮਰ ਦੀ ਸੇਲੀ)ਪੱਥਰ ਦਾ ਵੱਡਾ ਟੁਕੜਾ (ਨੂੰ ਤਰਾਸ਼ਦੇ ਹੋਏ ਉਸ ਵਿਚੋਂ ਆਪਣੀ ਹੀ ਰੂਹ ਦਾ ਆਕਾਰ ਦਿਖੇ, ਉਹ ਖੇਤਾਂ ਵਿਚ ਹੱਲ ਚਲਾ ਰਹੇ ਇਨਸਾਨ ਤੋਂ

ਹੋਵੇ ਮਹਾਨ ਅਤੇ ਜੋ ਅਸਮਾਨ ਵਿਚ ਛਾਈ ਸਤਰੰਗੀ ਪੀਂਘ ਦੇ ਰੰਗਾਂ ਨੂੰ ਪਕੜ ਕੱਪੜੇ ‘ਤੇ)ਕੈਨਵਸ‘ ਤੇ(ਮਨੁੱਖ ਦੇ ਨਾਲ ਦੀ ਮਿਲਦੀ-ਜੁਲਦੀ ਤਸਵੀਰ ਦੇਵੇ ਉਲੀਕ, ਉਹ ਸਾਡੇ ਪੈਰਾਂ ਲਈ ਜੁੱਤੀਆਂ ਬਣਾਉਣ ਵਾਲੇ ਨਾਲੋਂ ਹੈ ਮਹਾਨ। ਪਰ ਹੁਣ ਮੈਂ ਸੁੱਤਾ ਹੋਇਆ ਨਹੀਂ ਸਗੋਂ ਜਾਗਦੇ ਹੋਏ ਪੂਰੇ ਹੋਸ਼-ਹਵਾਸ ਵਿਚ ਰਿਹਾ ਹਾਂ ਕਹਿ ਕੇ ਹਵਾ ਵੱਡੇ ਰੁਖਾਂ ਨਾਲ ਵੀ ਉਸੇ ਮਿੱਠੇ ਲਹਿਜ਼ੇ ਵਿਚ ਕਰੇ ਗੱਲਾਂ ਜਿਵੇਂ ਘਾਹ ਦੀਆਂ ਨਿੱਕੀਆਂ-ਨਿੱਕੀਆਂ ਤਿੜਾਂ ਨਾਲ ਅਤੇ ਸਿਰਫ ਉਹੀ ਇਨਸਾਨ ਹੈ ਵੱਡਾ ਜੋ ਹਵਾ ਦੇ ਰੁਮਕਿਆਂ ਨੂੰ ਵੀ ਆਪਣੇ ਪਿਆਰ ਨਾਲ ਇਕ ਮਿਠਾਸ ਭਰੇ ਗੀਤ ਵਿਚ ਦੇਵੇ ਢਾਲ। ਕੰਮ, ਪਿਆਰ ਦਾ ਹੈ ਸਾਕਾਰ ਰੂਪ ਅਤੇ ਜੇ ਤੁਸੀਂ ਪਿਆਰ ਦੀ ਥਾਂ ਦਿਖਾਵੇ ਜਾਂ ਓਪਰੇ ਜਿਹੇ ਦਿਲ ਨਾਲ ਕਰੋ ਕੰਮ ਤਾਂ ਇਹੋ ਹੈ ਚੰਗਾ ਕਿ ਤੁਸੀਂ ਕੰਮ ਕਰਨਾ ਬੰਦ ਕਰਕੇ ਮੰਦਰ ਦੇ ਬੂਹੇ ਕੋਲ ਜਾ ਬੈਠੋ ਅਤੇ ਕੰਮ ਕਰਨ ਵਾਲਿਆਂ ਤੋਂ ਭੀਖ ਮੰਗ ਕੇ ਕਰੋ ਗੁਜ਼ਾਰਾ। ਜੇ ਤੁਸੀਂ ਅਣ ਮੰਨੇ ਦਿਲ ਨਾਲ ਬਣਾਉਣੀ ਹੈ ਰੋਟੀ ਤਾਂ ਤੁਸੀਂ ਕੌੜੀ-ਕੁਸੈਲੀ ਜਿਹੀ ਰੋਟੀ ਹੀ ਬਣਾਉਂਗੇ ਜੋ ਨਾ ਮਿਟਾ ਸਕੇ ਭੁੱਖ ਕਿਸੇ ਦੀ। ਜੇ ਤੁਸੀਂ ਸ਼ਰਾਬ ਬਣਾਉਣ ਵੇਲੇ ਮਜ਼ਬੂਰੀ ਵਿਚ ਹੀ ਪੀੜੋ ਅੰਗੂਰਾਂ ਨੂੰ ਤਾਂ ਤੁਹਾਡੀ ਬੁੜਬੁੜ ਜ਼ਹਿਰ ਬਣ ਸ਼ਰਾਬ ਵਿਚ ਜਾਵੇ ਘੁਲ ਅਤੇ ਜੇ ਤੁਸੀਂ ਬਿਨਾਂ ਪਿਆਰ ਤੋਂ, ਦਿਖਾਵੇ ਦੇ ਤੌਰ‘ ਤੇ ਹੀ ਰਹੇ ਹੋ ਕੋਈ ਗੀਤ ਗਾ ਤਾਂ ਸੁਣਨ ਵਾਲਿਆਂ ਦੇ ਕੰਨਾਂ ਨੂੰ ਦਿਨ ਅਤੇ ਰਾਤ ਦੇ ਰੌਲੇ-ਗੌਲੇ ਨਾਲ ਹੀ ਕਰੋਗੇ ਬੋਲਾ।

**7. ਸੁੱਖ ਅਤੇ ਦੁੱਖ) ਖੁਸ਼ੀ ਅਤੇ ਗ਼ਮੀ**( ਇਕ ਸੁਆਣੀ ਕੇ ਕਿਹਾ, ਸਾਨੂੰ ਖੁਸ਼ੀ ਅਤੇ ਗ਼ਮੀ ਸੰਬੰਧੀ ਕੁਝ ਦੱਸ। ਉਸ ਨੇ ਕਿਹਾ: ਤੁਹਾਡੀ ਖੁਸ਼ੀ ਹੀ ਹੈ ਬਿਨਾਂ ਪਰਦੇ ਤੋਂ ਤੁਹਾਡਾ ਗ਼ਮ, ਭਾਵ ਜੇ ਤੁਸੀਂ ਆਪਣੇ ਦੁੱਖਾਂ ਦੇ ਪਰਦੇ ਤੋਂ ਬਾਹਰ ਆ ਜਾਓ ਤਾਂ ਪ੍ਰਾਪਤ ਕਰ ਸਕਦੇ ਹੋ ਖੁਸ਼ੀ। ਜਿਹੜੀਆਂ ਚੀਜ਼ਾਂ ਤੋਂ ਮਿਲੇ ਤੁਹਾਨੂੰ ਖੁਸ਼ੀ ਕਈ ਵਾਰ ਉਹ ਭਰੀਆਂ ਹੋਣ ਤੁਹਾਡੇ ਹੀ ਹੰਝੂਆਂ ਨਾਲ। ਇਸ ਤੋਂ ਬਿਨਾ ਹੋਰ ਹੋ ਵੀ ਕੀ ਸਕੇ? ਦੁੱਖ ਜਿੰਨਾਂ ਤੁਹਾਡੇ ਅੰਦਰ ਹੋਵੇ ਡੂੰਘਾ, ਤੁਹਾਨੂੰ ਮਿਲੇ ਓਨੀ ਹੀ ਖੁਸ਼ੀ। ਕੀ ਜਿਸ ਪਿਆਲੇ ਵਿਚ ਭਰੀ ਹੈ ਤੁਹਾਡੀ ਸ਼ਰਾਬ ਉਹੀ ਪਿਆਲਾ ਕਦੇ ਪੱਕਿਆ ਨਹੀਂ ਸੀ ਘਮਿਆਰ ਦੀ ਭੱਠੀ ਵਿਚ? ਕੀ ਨਹੀਂ ਇਹ ਸੱਚ ਕਿ ਜਿਹੜੀ ਬੰਸਰੀ ਦੀ ਧੁਨ ਤੁਹਾਡੀ ਰੂਹ ਨੂੰ ਬਖ਼ਸ਼ੇ ਆਨੰਦ, ਉਸ ਲੱਕੜ ਨੂੰ ਕਦੇ ਤਿਖੇ ਔਜ਼ਾਰ ਨਾਲ ਨਹੀਂ ਸੀ ਗਿਆ ਪੱਛਿਆ? ਜਦੋਂ ਤੁਸੀਂ ਹੋਵੋ ਖੁਸ਼ੀ ਨਾਲ ਭਰਪੂਰ, ਆਪਣੇ ਦਿਲ ਦੇ ਅੰਦਰ ਡੂੰਘਾ ਝਾਕੋ ਤਾਂ ਲੱਗੇਗਾ ਪਤਾ ਕਿ ਜਿਸ ਚੀਜ਼ ਨੇ ਤੁਹਾਨੂੰ ਕਦੇ ਕੀਤਾ ਸੀ ਦੁਖੀ, ਉਹੀ ਤੁਹਾਨੂੰ ਦੇ ਰਹੀ ਹੈ ਸੁਖ। ਜਦੋਂ ਤੁਸੀਂ ਹੋਵੋ ਗ਼ਮਜ਼ਦਾ)ਦੁਖੀ(, ਫੇਰ ਆਪਣੇ

ਦਿਲ ਵੱਲ ਤੱਕੋ ਤਾਂ ਪਤਾ ਲੱਗੇਗਾ ਤੁਹਾਨੂੰ ਕਿ ਤੁਸੀਂ ਉਸ ਚੀਜ਼ ਲਈ ਕਰ ਰਹੇ ਹੋ ਵਿਰਲਾਪ ਜਿਸ ਨੇ ਕਦੇ ਬਖ਼ਸ਼ਿਆ ਸੀ ਸਕੂਨ। ਤੁਹਾਡੇ ਵਿਚੋਂ ਕੁਝ ਕਹਿਣ, 'ਖੁਸ਼ੀ ਹੈ ਵੱਡੀ ਗ਼ਮੀ ਨਾਲੋਂ 'ਅਤੇ ਕੁਝ ਕਹਿਣ, 'ਨਹੀਂ, ਗ਼ਮੀ ਹੈ ਵੱਡੀ', ਪਰ ਮੈਂ ਚਾਹੁੰਦਾ ਹਾਂ ਤੁਹਾਨੂੰ ਦੱਸਣਾ ਕਿ ਇਹਨਾਂ ਦੋਹਾਂ ਨੂੰ ਇਕ ਦੂਜੇ ਤੋਂ ਨਾ ਕੀਤਾ ਜਾ ਸਕੇ ਜੁਦਾ। ਇਹ ਦੋਵੇਂ ਆਉਣ ਇਕੱਠੇ ਕੋਲ ਤੁਹਾਡੇ ਅਤੇ ਜਦੋਂ ਇਹਨਾਂ ਦੋਹਾਂ ਵਿਚੋਂ ਇਕ ਤੁਹਾਡੇ ਕੋਲ ਹੋਵੇ ਬੈਠਾ, ਤਾਂ ਦੂਜਾ ਤੁਹਾਡੇ ਮੰਜੇ' ਤੇ ਹੋਵੇ ਸੁੱਤਾ। ਅਸਲ ਵਿਚ ਤਾਂ ਤੁਸੀਂ ਆਪਣੀਆਂ ਖੁਸ਼ੀਆਂ, ਗ਼ਮੀਆਂ ਨਾਲ ਤਕੜੀ ਦੇ ਛਾਬਿਆਂ ਦੀ ਤਰਾਂ ਉੱਪਰ ਹੇਠਾਂ ਹੁੰਦੇ ਰਹੋ, ਭਾਵ ਕਦੇ ਹੋ ਜਾਵੇ ਭਾਰਾ ਛਾਬਾ ਖੁਸ਼ੀਆਂ ਦਾ, ਕਦੇ ਛਾਬਾ ਗ਼ਮੀਆਂ ਦਾ। ਜਦੋਂ ਤੁਸੀਂ ਹੋ ਜਾਵੋ ਦੁੱਖ-ਸੁੱਖ ਦੀ ਭਾਵਨਾ ਤੋਂ ਦੂਰ, ਉਹਨਾਂ ਪਲਾਂ ਵਿਚ ਹੀ ਤੁਸੀਂ ਠਹਿਰਾ ਦੀ ਅਵਸਥਾ ਕਰ ਸਕੋਂ ਪ੍ਰਾਪਤ ਅਤੇ ਇਕ ਥਾਂ ਜਾਓ ਟਿਕ। ਜਦੋਂ ਤੁਹਾਡੀਆਂ ਖੁਸ਼ੀਆਂ ਅਤੇ ਗ਼ਮੀਆਂ ਦੇ ਖ਼ਜ਼ਾਨੇ ਦੇ ਹਿਸਾਬ-ਕਿਤਾਬ ਰੱਖਣ ਵਾਲੇ ਨੇ ਕਰਨਾ ਹੈ ਤੁਹਾਡੇ ਦੁੱਖਾਂ-ਸੁੱਖਾਂ ਦਾ ਹਿਸਾਬ, ਮੁਮਕਨ ਹੈ ਵੱਧ ਜਾਣ ਜਾਂ ਜਾਣ ਘਟ ਤੁਹਾਡੇ ਸੁੱਖ-ਦੁੱਖ।